
ੴ ਸਤਿਗੁਰ ਪ੍ਰਸਾਦਿ ॥

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

# ਭਾਈ ਘਨੱਈਆ ਸੇਵਾ ਜੋਤੀ

ਅਪ੍ਰੈਲ 2007



## ਮਹੰਤ ਭਾਈ ਗੁਲਾਬ ਸਿੰਘ ਜੀ

(1871-1950)

ਸੰਸਥਾਪਕ :
ਟਿਕਾਣਾ ਭਾਈ ਜਗਤਾ ਜੀ, ਗੋਨਿਆਣਾ ਮੰਡੀ

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

ਗੋਨਿਆਣਾ ਭਾਈ ਜਗਤਾ ਵਿਖੇ

ਸੇਵਾ ਪੰਥੀ ਮਹਾਂਪੁਰਖਾਂ ਦੀਆਂ ਸਾਲਾਨਾ ਬਰਸੀਆਂ

ਬੜੇ ਪ੍ਰੇਮ, ਸ਼ਰਧਾ ਤੇ ਉਤਸ਼ਾਹ ਨਾਲ ਹੇਠ ਲਿਖੇ ਅਨੁਸਾਰ ਮਨਾਈਆਂ ਜਾਣਗੀਆਂ



ਸੱਚ-ਖੰਡ ਵਾਸੀ ਸ਼੍ਰੀਮਾਨ ਸੰਤ ਭਾਈ ਸੁਹੇਲ ਸਿੰਘ 'ਸੇਵਾ ਪੰਥੀ' ਦੀ

## 58ਵੀਂ ਸਾਲਾਨਾ ਬਰਸੀ

ਮਿਤੀ 17 ਤੋਂ 19 ਅਪ੍ਰੈਲ 2007

ਮੁਤਾਬਿਕ 4 ਤੋਂ 6 ਵੈਸਾਖ 2064

**ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ**

ਨਵੀਂ ਬਸਤੀ ਗੋਨਿਆਣਾ ਮੰਡੀ ਵਿਖੇ



ਸੱਚ-ਖੰਡ ਵਾਸੀ

**ਸ਼੍ਰੀਮਾਨ ਮਹੰਤ ਭਾਈ ਗੁਲਾਬ ਸਿੰਘ 'ਸੇਵਾ ਪੰਥੀ' ਦੀ**

## 57ਵੀਂ ਸਾਲਾਨਾ ਬਰਸੀ

ਅਤੇ



**ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' ਦੀ**

ਤੀਜੀ ਯਾਦ ਦੋਵੇਂ ਇੱਕ ਸਾਥ

ਮਿਤੀ 19 ਤੋਂ 21 ਅਪ੍ਰੈਲ 2007

ਮੁਤਾਬਿਕ 6 ਤੋਂ 8 ਵੈਸਾਖ 2064

**ਟਿਕਾਣਾ ਭਾਈ ਜਗਤਾ ਜੀ ਸਾਹਿਬ**

ਗੋਨਿਆਣਾ ਮੰਡੀ ਵਿਖੇ

ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ

ਸਾਲ : 23ਵਾਂ ਅੰਕ : ਚੌਥਾ ਅਪ੍ਰੈਲ 2007 ਕੀਮਤ : ਅਮੁੱਲ



ਮੁੱਖ ਸਰਪ੍ਰਸਤ : ਮਹੰਤ ਤੀਰਥ ਸਿੰਘ 'ਸੇਵਾ ਪੰਥੀ', ਫੋਨ 0164-2262012, ਮੋਬਾ: 98140-32957

ਸਰਪ੍ਰਸਤ : (ਸੇਵਾਦਾਰ) ਸੰਤ ਰਣਜੀਤ ਸਿੰਘ 'ਸੇਵਾ ਪੰਥੀ', ਗੋਨਿਆਣਾ ਮੰਡੀ
ਫੋਨ : 2262276, ਮੋਬਾ: 98140-35191
ਸੰਤ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫੋਨ : 2263333
ਮੋਬਾ: 98140-04503, ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ।
ਸ੍ਰ: ਤ੍ਰਿਲੋਚਣ ਸਿੰਘ 'ਸੇਠੀ', ਮੁੰਬਈ ।

ਮੁੱਖ ਸਲਾਹਕਾਰ : ਸੰਤ ਜਗਜੀਤ ਸਿੰਘ 'ਭਾਈਆ' ਮੋਬਾ:98140-90142
ਸ:ਹਰਵਿੰਦਰ ਸਿੰਘ, ਹਰੀ ਨਗਰ, ਦਿੱਲੀ ਮੋਬਾ:98100-89645
ਸ: ਵਜਿੰਦਰ ਸਿੰਘ ਐਡਵੋਕੇਟ, ਅੰਬਾਲਾ
ਸ: ਸੁਰਜਨ ਸਿੰਘ ਘੁਲਿਆਣੀ ਮੋਬਾ: 98552-06378
ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸ੍ਰ: ਜੀ.ਐਸ. ਬਜਾਜ ਦਿੱਲੀ,
ਸ੍ਰ: ਜਸਪਾਲ ਸਿੰਘ, ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ ।

ਸੰਪਾਦਕੀ ਬੋਰਡ
ਫਾਊਡਰ ਇੰਟਰਨੈਟ ਐਡੀਟਰ : ਸਵ: ਭੁਪਿੰਦਰ ਸਿੰਘ 'ਸੇਵਾ ਪੰਥੀ'
ਮੁੱਖ ਸੰਪਾਦਕ : ਚਮਨ ਸਿੰਘ 'ਚਮਨ' ਫ਼ੋਨ : 2262152, ਮੋਬ: 98140-75504
ਇੰਚਾਰਜ ਜਨਰਲ ਦਫ਼ਤਰ : ਮੈਡਮ ਸਤੀਸ਼ ਸ਼ਾਹਣੀ ਫ਼ੋਨ : 2262051, ਮੋਬ : 9888400061
ਸ: ਸੰਪਾਦਕ : ਅਮਰਜੀਤ ਸਿੰਘ 'ਮਾਛੀਵਾੜਾ', ਗੁਰਮੀਤ ਕੌਰ 'ਮੀਤ'


## ਤਤਕਰਾ


| ਲੇਖ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਵੈਸਾਖਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਸ. ਸੰਪਾਦਕ | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| 57ਵੀਂ ਬਰਸੀ ਸੰਬੰਧੀ ਸੱਦਾ-ਪੱਤਰ | ਮਹੰਤ ਤੀਰਥ ਸਿੰਘ 'ਸੇਵਾ ਪੰਥੀ' | 5 |
| ਵਿਸ਼ੇਸ਼ ਸੂਚਨਾ ਗੁਰਦੁਆਰਾ ਸਾਹਿਬ ਚੱਕੀ | ਅਵਤਾਰ ਸਿੰਘ ਮੱਕੜ 'ਪ੍ਰਧਾਨ' | 7 |
| ਪ੍ਰੋਗਰਾਮ ਪ੍ਰਚਾਰ ਯਾਤਰਾ (ਮਹੰਤ ਜੀ) | ਮੈਨੇਜਰ ਇੰਦਰਜੀਤ ਸਿੰਘ ਖੁਰਾਣਾ | 8 |
| ਕਥਾ ਸੁਖਮਨੀ ਸਾਹਿਬ | ਮਹੰਤ ਤੀਰਥ ਸਿੰਘ 'ਸੇਵਾ ਪੰਥੀ' | 9 |
| ਗਉੜੀ ਬਾਵਨ ਅਖਰੀ ਮਹਲਾ ੫ | ਸੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| ਡਾ: ਹਰਨਾਮ ਸਿੰਘ ਸ਼ਾਨ ਨੂੰ 'ਦਸਮੇਸ਼ ਐਵਾਰਡ' | ਸੰਪਾਦਕ | 13 |
| ਅਨਮੋਲ ਵਚਨ | ਮੈਡਮ ਸਤੀਸ਼ ਸ਼ਾਹਣੀ | 14 |
| ਵੈਸਾਖੀ ਤੇ ਖ਼ਾਲਸੇ ਦਾ ਜਨਮ | ਸੰਤ ਕਾਹਨ ਸਿੰਘ 'ਸੇਵਾ ਪੰਥੀ' | 15 |
| ਮਹੰਤ ਭਾਈ ਗੁਲਾਬ ਸਿੰਘ ਜੀ | ਸਵ: ਪ੍ਰਿੰ: ਭਗਤ ਸਿੰਘ ਹੀਰਾ | 20 |
| ਸੰਤ ਭਾਈ ਸੁਹੇਲ ਸਿੰਘ ਜੀ | ਸੰਤ ਪ੍ਰੀਤਮ ਸਿੰਘ 'ਸੇਵਾ ਪੰਥੀ' | 26 |
| ਸੰਤ ਭਾਈ ਹਰੀ ਸਿੰਘ ਜੀ | ਕਰਨੈਲ ਸਿੰਘ ਐਮ. ਏ. | 27 |
| ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' | ਕਰਨੈਲ ਸਿੰਘ ਐਮ. ਏ. | 29 |
| ਮਹੰਤ ਗੁਲਾਬ ਸਿੰਘ ਜੀ 'ਸੇਵਾ ਪੰਥੀ' | ਸਾਗਰ ਕੋਟਕਪੂਰਾ (ਹਿੰਦੀ ਰੂਪ) | 30 |
| ਨਿੱਤ ਕਰਮ ਕਰਨ ਸਮੇਂ ਗੁਰਬਾਣੀ ਦੇ ਸ਼ਬਦ | ਸੇਵਾਜੋਤੀ ਦੇ ਪਾਠਕ ਵੱਲੋਂ | 34 |
| ਖ਼ਾਲਸਾ - | ਸਤਨਾਮ ਕੌਰ, ਮੁੰਬਈ | 35 |
| ਭਗਤ ਧੰਨਾ ਜੀ | ਅਬਨਾਸ਼ੀ ਸਿੰਘ | 36 |
| ਅਕਾਲ ਚਲਾਣਾ | ਸਵ: ਪ੍ਰਿੰ: ਸਤਿਬੀਰ ਸਿੰਘ | 38 |
| ਵਰ ਘਰ | ਸਿਲਵੰਤ ਕੌਰ | 40 |

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਵੈਸਾਖਿ

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ।
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥੩॥

| | | | | |
|---|---|---|---|---|
| ਸੰਮਤ ਬਿਕ੍ਰਮੀ | 2064 | ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪੂਰਨਮਾਸ਼ੀ | 2 ਅਪ੍ਰੈਲ |
| ਸੰਮਤ ਨਾਨਕਸ਼ਾਹੀ | 539 | | ਸੰਗ੍ਰਾਂਦ | 14 ਅਪ੍ਰੈਲ |
| ਸੰਮਤ ਖਾਲਸਾ | 308-309 | ਅਪ੍ਰੈਲ-2007 | ਮੱਸਿਆ | 17 ਅਪ੍ਰੈਲ |
| ਸੰਮਤ ਸਾਕਾ | 1929 | | ਪੰਚਮੀ | 21 ਅਪ੍ਰੈਲ |

| ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪ੍ਰੰਪਰਾਗਤ ਅਨੁਸਾਰ | ਨਾਨਕਸ਼ਾਹੀ ਕੈਲੰਡਰ ਅਨੁਸਾਰ |
|---|---|---|
| ★ ਅਵਤਾਰ ਪੁਰਬ ਸ੍ਰੀ ਗੁਰੂ ਅੰਗਦ ਦੇਵ ਜੀ | 18 ਅਪ੍ਰੈਲ | 18 ਅਪ੍ਰੈਲ |
| ★ ਜੋਤੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ | ................ | 16 ਅਪ੍ਰੈਲ |
| ★ ਗੁਰਿਆਈ ਸ੍ਰੀ ਗੁਰੂ ਅਮਰਦਾਸ ਜੀ | ................ | 16 ਅਪ੍ਰੈਲ |
| ★ ਜੋਤੀ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ | ................ | 16 ਅਪ੍ਰੈਲ |
| ★ ਗੁਰਿਆਈ ਸ੍ਰੀ ਗੁਰੂ ਤੇਗ ਬਹਾਦਰ ਜੀ | ................ | 16 ਅਪ੍ਰੈਲ |
| ★ ਅਵਤਾਰ ਸ੍ਰੀ ਗੁਰੂ ਤੇਗ ਬਹਾਦਰ ਜੀ | 8 ਅਪ੍ਰੈਲ | 18 ਅਪ੍ਰੈਲ |
| ★ ਅਵਤਾਰ ਸ੍ਰੀ ਗੁਰੂ ਅਰਜਨ ਦੇਵ ਜੀ | 10 ਅਪ੍ਰੈਲ | ................ |
| ★ ਬੈਕ ਹਾਲੀ ਡੇ | 2 ਅਪ੍ਰੈਲ | ................ |
| ★ ਗੁੱਡ ਫਰਾਈਡੇ | 6 ਅਪ੍ਰੈਲ | ................ |
| ★ ਜਨਮ ਦਿਨ ਸਾਹਿਬਜਾਦਾ ਜੁਝਾਰ ਸਿੰਘ ਜੀ | 9 ਅਪ੍ਰੈਲ | 9 ਅਪ੍ਰੈਲ |
| ★ ਵੈਸਾਖੀ (ਖ਼ਾਲਸਾ ਸਾਜਨਾ ਦਿਵਸ) | 14 ਅਪ੍ਰੈਲ | 14 ਅਪ੍ਰੈਲ |
| ★ ਮੇਲਾ ਗੁਰੂ ਕੀ ਕਾਸ਼ੀ (ਦਮਦਮਾ ਸਾਹਿਬ) | 14 ਅਪ੍ਰੈਲ | 14 ਅਪ੍ਰੈਲ |

# 1699 ਦੀ ਵਿਸਾਖੀ ਦੀ ਲਲਕਾਰ

ਕਦੇ ਮਰਦ ਅਗੰਮੜੇ ਦੀ ਲਲਕਾਰ ਗੂੰਜੀ ਸੀ ਆਨੰਦਪੁਰ ਸਾਹਿਬ ਵਿੱਚ ! ਕਦੇ ਸਿੱਖਾਂ ਨੇ ਗੁਰੂ ਨਾਨਕ ਸਾਹਿਬ ਜੀ ਤੋਂ ਲੈਕੇ ਗੁਰੂ ਤੇਗ ਬਹਾਦਰ ਸਾਹਿਬ ਤੱਕ ਦੇ ਉਪਦੇਸ਼ਾਂ ਨੂੰ ਹਿਰਦੇ ਦੀਆਂ ਗਹਿਰਾਈਆਂ ਵਿੱਚ ਵਿਚਰਕੇ, ਸਾਰੇ ਗੁਰੂ ਪਾਤਸ਼ਾਹਾਂ ਦੀ ਚੈਲੰਜ ਭਰੀ ਆਵਾਜ਼ ਨੂੰ ਖੋਜਕੇ ਅਤੇ ਦੋ ਗੁਰੂ ਪਾਤਸ਼ਾਹਾਂ ਵੱਲੋਂ ਸ਼ਹਾਦਤ ਦੇਣ ਕਰਕੇ ਸਿੱਖੀ ਮਹਿਲ ਦੀ ਬਣਤਰ ਬਾਰੇ ਸੋਚ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਆਵਾਜ਼ ਨੂੰ ਪਛਾਣ ਕੇ ਗੁਰ ਸਿੱਖੀ ਦੇ ਰਿਸ਼ਤੇ ਨੂੰ ਰਹਿੰਦੀ ਦੁਨੀਆਂ ਤੱਕ ਲਿਸ਼ਕਦਾ ਰੱਖਣ ਲਈ ਇੱਕ ਖੇਡ ਵਰਤਾਈ ਸੀ । ਉਸ ਖੇਡ ਵਿੱਚ ਗੁਰਮੁਖ ਜਿੱਤਿਆ ਸੀ ਤੇ ਮਨਮੁੱਖ ਹਾਰਿਆ ਸੀ ਪਰ ਗੁਰੂ ਨੇ ਫਿਰ ਸਭ ਦੀ ਲਾਜ ਰੱਖੀ ਸੀ । ਖੇਡ ਵਿੱਚ ਪਹਿਲੇ ਨੰਬਰ ਤੇ ਆਏ ਸੀ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਹਿੰਮਤ ਸਿੰਘ ਜੀ । ਗੁਰੂ ਨੇ ਸਿਰ ਮੰਗੇ ਸਨ ਇਹਨਾਂ ਨੇ ਸਿਰ ਦਿੱਤੇ ਸਨ ਨਾਂ ਗੁਰੂ ਨੇ ਮਾਰਨਾ ਸੀ ਨਾ ਗੁਰੂ ਖ਼ੂਨ ਦਾ ਪਿਆਸਾ ਸੀ । ਗੁਰੂ ਨੇ ਸਿੱਖਾਂ ਵਿੱਚੋਂ ਮੌਤ ਦਾ ਡਰ ਕੱਢਣਾ ਸੀ । ਸਿੱਖਾਂ ਨੇ ਮਰ ਕੇ ਜਿਉਣਾ ਸਿੱਖਣਾ ਸੀ । ਗੁਰੂ ਨੇ ਸਿੱਖੀ ਮਹਿਲ ਦਾ ਜੋ ਪੂਰਾ ਸਰੂਪ ਬਣਾਉਣਾ ਸੀ । ਸਿੱਖ ਨੇ ਉਸ ਮਹਿਲ ਦੀਆਂ ਨੀਹਾਂ ਵਿੱਚ ਆਪਣਾ ਆਪ ਗਵਾਕੇ ਨੀਹਾਂ ਪੱਕੀਆਂ ਕਰਨੀਆਂ ਸਨ । ਤਾਂ ਜੋ ਮਗਰੋਂ ਗੁਰੂ ਦੇ ਸਿੱਖ ਤੇ ਸਾਹਿਬਜਾਦੇ ਜੋਰਾਵਰ ਸਿੰਘ ਅਤੇ ਫਤਹਿ ਸਿੰਘ ਵਾਂਗ ਵੀ ਛੋਟੀ ਉਮਰੇ ਆਪਣੀਆਂ ਦੇਹਾਂ ਨੂੰ ਜਿੰਦਾ ਦੀਵਾਰਾਂ ਵਿੱਚ ਚਿਣਾ ਸਕਣ ਅਤੇ ਵਾਹਿਗੁਰੂ ਜੀ ਦੀ ਫਤਹਿ ਗਜਾ ਸਕਣ ।

ਅੱਜ ਜਿੱਥੇ-ਜਿੱਥੇ ਸਿੱਖ ਵਸਦੇ ਹਨ ਗੁਰੂ ਗੋਬਿੰਦ ਸਿੰਘ ਜੀ ਦੀ ਲਲਕਾਰ ਭਰੀ ਆਵਾਜ਼ ਗੂੰਜਦੀ ਹੈ । ਅੱਜ ਆਨੰਦਪੁਰ ਸਾਹਿਬ ਦਾ ਦੀਵਾਨ ਸਾਰੀ ਦੁਨੀਆਂ ਦਾ ਦੀਵਾਨ ਹੈ । ਗੁਰੂ ਸੱਚ ਦੀ ਆਵਾਜ਼ ਹੈ, ਗੁਰਬਾਣੀ ਦੀ ਆਵਾਜ਼ ਹੈ, ਸਿਰ ਵੇਚਣ ਦੇ ਆਸ਼ਕਾਂ ਨੂੰ ਲਲਕਾਰ ਹੈ । ਹੈ ਕੋਈ ਐਸਾ ਜੋ ਅੱਜ ਵੀ ਪੰਜਾਂ ਪਿਆਰਿਆਂ ਵਾਂਗ ਕਹੇ :

**ਮੇਰਾ ਸਿਰ ਅਬ ਵਿਕ ਚੁਕਾ ਹੈ ਤੇਰੇ ਹਜ਼ੂਰ ।**
**ਮੇਰੇ ਗੁਰੂ ਅਬ ਮੁਝੇ ਰੱਖਣਾ ਐਬੋਂ ਸੇ ਦੂਰ ।**

ਹੈ ਕੋਈ ਐਸਾ ਜੋ ਅੱਜ ਵੀ ਕਹੇ :

**ਗਰੀਬੀ ਗਦਾ ਹਮਾਰੀ ਖੰਨਾ ਸਗਲ ਰੇਨੁ ਛਾਰੀ ॥**
**ਇਸੁ ਆਗੈ ਕੋਨ ਟਿਕੈ ਵੇਕਾਰੀ ॥ ਗੁਰ ਪੂਰੇ ਇਹ ਗੱਲ ਸਾਰੀ ॥**

ਹੈ ਕੋਈ ਐਸਾ ਜੋ ਅੱਜ ਜ਼ੁਲਮ ਨਾਲ ਦੱਬੀਆਂ ਇਸਤਰੀਆਂ ਜਿਹੜੀਆਂ ਦਾਜਾਂ ਲਈ ਸਾੜ ਦਿੱਤੀਆਂ ਜਾਂਦੀਆਂ ਹਨ । ਸੜਕਾਂ ਤੇ ਜਿਨ੍ਹਾਂ ਦੀ ਇੱਜ਼ਤ ਲੁੱਟੀ ਜਾਂਦੀ ਹੈ । ਘਰਾਂ ਵਿੱਚ ਨੌਕਰਾਂ ਵਾਂਗ ਜ਼ਿੰਦਗੀ ਬਤੀਤ ਕਰਦੀਆਂ ਹਨ । ਉਸ ਜ਼ੁਲਮ ਦੇ ਵਿਰੋਧ ਵਿੱਚ ਆਪਣੇ ਆਪ ਨੂੰ ਮਿਟਾ ਕੇ ਲੜ ਸਕੇ । ਹੈ ਕੋਈ ਐਸਾ ਜੋ ਸਾਰੀ ਦੁਨੀਆਂ ਵਿੱਚ ਗੁਰੂ ਨਾਲ ਕੀਤੇ ਅਸ਼ਵਾਸ਼ਨਾ ਨੂੰ ਨਿਭਾ ਸਕੇ ? **ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ ॥** ਹੈ ਕੋਈ ਐਸਾ ਜੋ ਗੁਰੂ ਦੀ ਇਸ ਸਿੱਖਿਆ ਨੂੰ ਪੱਲੇ ਬੰਨ ਕੇ ਅਮਲੀ ਤੌਰ ਤੇ ਜੀਵਨ ਜੀਵੇ:

ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੇ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥

ਹੈ ਕੋਈ ਐਸਾ ਜਿਹੜਾ ਗੁਰੂ-ਗੁਰੂ ਕਰਕੇ ਚੌਵੀ ਘੰਟੇ ਆਪਣੇ ਆਪ ਨੂੰ ਖ਼ਾਲਸੇ ਦਾ ਨਮੂਨਾ ਪੇਸ਼ ਕਰਕੇ ਦੂਜਿਆਂ ਨੂੰ ਲੱਗੇ ?

ਖ਼ਾਲਸਾ ਮੇਰੋ ਰੂਪ ਹੈ ਖਾਸ ॥
ਖ਼ਾਲਸੇ ਮਹਿ ਹਉ ਕਰਉ ਨਿਵਾਸ ॥

ਇਹੋ ਮਾਹੀ ਦਾ ਸਦੜਾ ਹੈ, ਇਹੋ ਮਾਹੀ ਦਾ ਪਿਆਰ ਹੈ, ਜਿਹੜਾ ਹਰ ਵੈਸਾਖੀ ਨੂੰ 1699 ਦੀ ਵੈਸਾਖੀ ਦੀ ਯਾਦ ਲੈਕੇ ਮੁੜ-ਮੁੜ ਦੁਹਰਾਉਣ ਆਉਂਦਾ ਹੈ ਅਤੇ ਲਲਕਾਰਦਾ ਹੈ ।

ਉਇ ਸ਼ੇਰ ਦੇ ਬੱਚਿਓ ! ਕਿਉਂ ਕਾਇਰਾਂ ਤੁੱਲ ਜੀਵਨ ਬਤੀਤ ਕਰ ਰਹੇ ਹੋ ?
ਉਇ ਹੰਸਾਂ ਦੀ ਡਾਰੋ ! ਕਿਉਂ ਬਗਲੇ ਬਣੀ ਬੈਠੇ ਹੋ ?
ਉਇ ਸੁੱਚਤਾ ਦੇ ਆਸ਼ਕੋ ! ਕਿਉਂ ਜੂਠ ਵਿੱਚ ਮੂੰਹ ਮਾਰ ਰਹੇ ਹੋ ?
ਉਇ ਪ੍ਰੇਮ ਦੇ ਪੁਜਾਰੀਓ ! ਕਿਉਂ ਨਫ਼ਰਤ ਦਾ ਵਪਾਰ ਕਰ ਰਹੇ ਹੋ ?
ਉਇ ਸਿਮਰਨ ਦੀਓ ਮੂਰਤੋ ! ਕਿਉਂ ਨਿੰਦਾ ਚੁਗਲੀ 'ਚ ਜਿਉਂਦੇ ਹੋ ?
ਉਇ ਅੰਮ੍ਰਿਤ ਪੀਣ ਵਾਲਿਓ ! ਕਿਉਂ ਸ਼ਰਾਬ ਦੇ ਰੂਪ ਵਿੱਚ ਜ਼ਹਿਰ ਪੀ ਰਹੇ ਹੋ ?

ਪਰ ਅੱਜ ਆਵਾਜ਼ ਨਹੀਂ ਸੁਣੀਂਦੀ ਸ਼ੋਰ ਬਹੁਤ ਹੈ । ਲਾਊਡ ਸਪੀਕਰ ਬਹੁਤ ਹਨ । ਕਥਾਕਾਰ, ਕੀਰਤਨੀਏ ਬਹੁਤ ਹਨ । ਉੱਚਾ ਵੀ ਬੋਲ ਰਹੇ ਹਨ । ਟੇਪਰਿਕਾਰਡ 'ਚ ਕਥਾਕਾਰਾਂ ਦੀਆਂ ਕਥਾਵਾਂ, ਕੀਰਤਨੀਆਂ ਦੇ ਕੀਰਤਨ ਬਾਣੀ ਦੀਆਂ ਧੁਨਾਂ, ਛੈਣੇ, ਢੋਲਕੀਆਂ, ਵਾਜਿਆਂ, ਸਾਜਾਂ ਦਾ ਇਤਨਾ ਸ਼ੋਰ ਹੈ । ਰਾਜਸੀ ਮੰਗਾਂ ਤੇ ਕੁਰਸੀ ਨੂੰ ਸਾਂਭਣ ਲਈ ਨਾਹਰਿਆਂ ਦਾ ਇਤਨਾ ਸ਼ੋਰ ਹੈ । ਗੁਰਦੁਆਰਿਆਂ ਵਿੱਚ ਵਿਰੋਧੀ ਧੜਿਆਂ ਦੀਆਂ ਲੜਾਈਆਂ ਦਾ ਇਤਨਾ ਸ਼ੋਰ ਹੈ । ਪੂਜਾ ਦੇ ਧਨ ਦੀ ਛਣਕਾਰ ਦਾ ਇਤਨਾ ਸ਼ੋਰ ਹੈ । ਭਾਈ ਸਾਹਿਬਾਂ ਦੇ ਅਖੰਡ ਪਾਠਾਂ ਦੀਆਂ ਲੜੀਆਂ ਦਾ ਇਤਨਾ ਸ਼ੋਰ ਹੈ । ਕੜਾਹ ਪ੍ਰਸ਼ਾਦਿ ਕਰਾਉਣ ਵਾਲਿਆਂ ਦੀਆਂ ਅਰਦਾਸਾਂ ਦਾ ਇਤਲਾ ਸ਼ੋਰ ਹੈ ਕਿ ਗੁਰੂ ਦੀ ਆਵਾਜ਼ ਕਿਸੇ ਨੂੰ ਸੁਣਾਈ ਹੀ ਨਹੀਂ ਦਿੰਦੀ । ਜਿਸ ਗੁਰੂ ਨੇ ਆਨੰਦਪੁਰ ਸਾਹਿਬ ਵਿੱਚ ਲਲਕਾਰਕੇ ਸੀਸ ਮੰਗੇ ਸਨ ਤੇ ਜਦ ਸਿਰ ਦਿੱਤੇ ਗਏ ਸਨ ਤਾਂ ਉਸਨੇ ਅੰਮ੍ਰਿਤ ਪਿਆਇਆ ਸੀ । ਪਿਲਾ ਕੇ ਫਿਰ ਆਪ ਪੀਤਾ ਸੀ ਚੇਲਾ ਬਣਕੇ । ਅਫ਼ਸੋਸ ਅੱਜ ਇੱਕ ਵੀ ਸਿੱਖ ਪਾਸੋਂ ਉਹ ਸਭ ਕੁੱਝ ਨਹੀਂ ਲੱਭਦਾ ਜੋ ਗੁਰੂ ਨੇ ਦਰਸਾਇਆ ਸੀ । ਗੁਰੂ ਦਾ ਸਭ ਕੰਮ ਅੰਦਰ ਦਾ ਸੀ । ਪਰ ਹੁਣ ਰਹਿ ਗਈ ਕੇਵਲ ਬਾਹਰਲੀ ਖੇਡ । ਅੰਦਰਲੀ ਸੁੱਚਤਾ ਤਾਂ ਮਾਨੋਂ ਮੁੱਕ ਹੀ ਗਈ ਹੋਵੇ । 1699 ਦੀ ਵੈਸਾਖੀ ਲਲਕਾਰਦੀ ਹੈ, ਪੁਕਾਰਦੀ ਹੈ । ਅੰਮ੍ਰਿਤ ਪੀਵੋ ਸਦਾ ਚਿਰ ਜੀਵੋ ।

ਅਭਿਲਾਸ਼ੀ,
ਚਮਨ ਸਿੰਘ 'ਚਮਨ'
ਮੁੱਖ ਸੰਪਾਦਕ

ੴ ਸਤਿਗੁਰ ਪ੍ਰਸਾਦਿ ॥

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥**

ਸ਼੍ਰੀਮਾਨ ਗੁਰਮੁਖ ਪਿਆਰੇ ਪਰਮ ਸਨੇਹੀ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਟਿਕਾਣਾ ਸਾਹਿਬ ਵੱਲੋਂ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਸ਼ੁੱਭ ਅਸੀਸਾਂ।

ਅੱਗੇ ਆਪ ਜੀ ਨੂੰ ਵਿਦਿਤ ਹੋਵੇ ਕਿ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਦੇ ਸੰਸਥਾਪਕ, ਸੇਵਾ, ਸਿਮਰਨ, ਸਾਦਗੀ ਤੇ ਪਰਉਪਕਾਰ ਦੀ ਮੂਰਤ **ਸ਼੍ਰੀਮਾਨ ਮਹੰਤ ਭਾਈ ਗੁਲਾਬ ਸਿੰਘ 'ਸੇਵਾ ਪੰਥੀ'** ਦੀ 57ਵੀਂ ਬਰਸੀ ਅਤੇ **ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' ਦੀ ਚੌਥੀ ਪਾਵਨ ਯਾਦ** ਮਿਤੀ 19, 20 ਅਤੇ 21 ਅਪ੍ਰੈਲ 2007 ਮੁਤਾਬਿਕ 6, 7 ਤੇ 8 ਵੈਸਾਖ 2064 ਦਿਨ ਵੀਰਵਾਰ, ਸ਼ੁੱਕਰਵਾਰ ਤੇ ਸ਼ਨੀਵਾਰ ਨੂੰ ਬੜੇ ਪ੍ਰੇਮ, ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਸੋ ਸੇਵਾ ਕਮਾਉਣ, ਗੁਰੂ ਜਸ ਸੁਨਣ ਤੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਦਾ ਸੁਭਾਗ ਸਮਾਂ ਹੈ। ਸਰਬੱਤ ਨੇ ਪਰਿਵਾਰ ਸਹਿਤ ਲਾਭ ਉਠਾਉਣਾ।

**ਸਾਧ ਸੰਗਤ ਦੇ ਦਾਸ :**

(ਸੰਤ) ਕਾਹਨ ਸਿੰਘ 'ਸੇਵਾ ਪੰਥੀ'
(ਸੰਤ) ਹਰਪਾਲ ਸਿੰਘ 'ਸੇਵਾ ਪੰਥੀ'
(ਸੰਤ) ਰਣਜੀਤ ਸਿੰਘ 'ਸੇਵਾ ਪੰਥੀ'
(ਸੰਤ) ਜਗਜੀਤ ਸਿੰਘ 'ਸੇਵਾ ਪੰਥੀ'

**(ਮਹੰਤ) ਤੀਰਥ ਸਿੰਘ 'ਸੇਵਾ ਪੰਥੀ'**
ਟਿਕਾਣਾ ਭਾਈ ਜਗਤਾ ਜੀ ਸਾਹਿਬ,
(ਨੂਰਪੁਰ ਬਲ)
ਮੋਬਾਇਲ : 98140-32957

# ਟਿਕਾਣਾ ਭਾਈ ਜਗਤਾ ਜੀ ਸਾਹਿਬ

**ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)**

**ਫੋਨ : 0164-2262012 (ਨਿਵਾਸ), 2262051 (ਦਫ਼ਤਰ)**

।। ੧ उंकार सतिगुरू प्रसादि ।।

## होए एकत्र मिलहु मेरे भाई दुबिधा दूरि करहू लिव लाए ।।

श्रीमान गुरमुख प्यारे परम स्नेही जी !

वाहिगुरू जी का खालसा ।।

वाहिगुरू जी की फतेह ।।

टिकाना साहिब की ओर से गुरू घर की खुशियां प्राप्त करने के लिए शुभ आर्शीवाद।

आगे आप सबको सूचित किया जाता है कि टिकाना भाई जगता जी साहिब गोनियाना के संस्थापक, सेवा, सिमरण, सादगी ओर परोपकार की मूर्त **श्रीमान महंत भाई गुलाब सिंह जी 'सेवा पंथी'** की 57वीं बरसी और **संत भुपिन्द्र सिंह जी 'सेवा पंथी' की चौथी याद में** तिथि 19, 20 व 21 अप्रैल 2007 तदानुसार 6, 7 व 8 वैसाख 2064 दिन वीरवार, शुक्रवार और शनिवार को बड़े प्रेम, श्रद्धा व उत्साह के साथ मनाई जा रही है।

सो सेवा करने, गुरू यश सुनने तथा महांपुरूषों के दर्शन करने का सौभाग्यशाली समय है। अतः समस्त परिवार शामिल होकर लाभ उठाऐं।

### साध संगत के दास :

(संत) काहन सिंह 'सेवा पंथी'

(संत) हरपाल सिंह 'सेवा पंथी'

(संत) रणजीत सिंह 'सेवा पंथी'

(संत) जगजीत सिंह 'सेवा पंथी'

**(महंत) तीर्थ सिंह 'सेवा पंथी'**

टिकाना भाई जगता जी साहिब

(नूरपुर थल)

मोबाईल : 98140.32957

# टिकाना भाई जगता जी साहिब

गोनियाना मंडी, जिला बठिण्डा (पंजाब)

फोनः 0164.2262012 (निवास), 2262051 (दफतर)

ੴ ਵਾਹਿਗੁਰੂ ਜੀ ਕੀ ਫਤਹਿ ॥

ਗੁਰਦੁਆਰੈ ਹੋਇ ਸੋਝੀ ਪਾਇਸੀ ॥

ਗੁਰਦੁਆਰਾ ਮਹੰਤ ਗੁਲਾਬ ਸਿੰਘ ਜੀ ਪਿੰਡ ਚੱਕੀ (ਮਾਛੀਵਾੜਾ) ਦਾ

# ਸ਼ੁੱਭ ਮਹੂਰਤ

ਸ਼੍ਰੀਮਾਨ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਗੋਨਿਆਣਾ ਭਾਈ ਜਗਤਾ

ਮਿਤੀ 3 ਅਪ੍ਰੈਲ 2007 ਦਿਨ ਮੰਗਲਵਾਰ ਨੂੰ

ਹੇਠ ਲਿਖੇ ਅਨੁਸਾਰ ਗੁਰਮਤਿ ਮਰਿਯਾਦਾ ਅਨੁਸਾਰ ਕਰਨਗੇ ।

ਆਪ ਜੀ ਨੇ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਹਾਰਦਿਕ ਧੰਨਵਾਦੀ ਹੋਵਾਂਗੇ ।

## ਪ੍ਰੋਗਰਾਮ

ਅਖੰਡ ਪਾਠ ਦੀ ਪ੍ਰਾਰੰਭਤਾ : ਮਿਤੀ 1 ਅਪ੍ਰੈਲ 2007 ਸਵੇਰੇ 10 ਵਜੇ

ਅਖੰਡ ਪਾਠ ਦੀ ਸਮਾਪਤੀ : ਮਿਤੀ 3 ਅਪ੍ਰੈਲ 2007 ਸਵੇਰੇ 9 ਵਜੇ

ਸ਼ੁਭ ਅਵਸਰ ਤੇ ਪੁੱਜ ਰਹੇ ਸੰਤ ਮਹਾਂਪੁਰਸ਼ ਤੇ ਕੀਰਤਨੀ ਜੱਥੇ :

★ ਸ਼੍ਰੀਮਾਨ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ'

★ ਸ਼੍ਰੀਮਾਨ ਸੰਤ ਕਾਹਨ ਸਿੰਘ ਜੀ 'ਸੇਵਾ ਪੰਥੀ'

★ ਸੰਤ ਭਾਈ ਹਰਪਾਲ ਸਿੰਘ, ਭਾਈ ਜਸਕਰਨ ਸਿੰਘ ਹਜੂਰੀ ਰਾਗੀ ਟਿਕਾਣਾ ਭਾਈ ਜਗਤਾ ਜੀ ਸਾਹਿਬ

★ ਭਾਈ ਧਰਮ ਸਿੰਘ ਜੀ ਮਲੋਟ ਵਾਲੇ

★ ਢਾਡੀ ਜੱਥਾ ਭਾਈ ਗੁਰਚਰਨ ਸਿੰਘ ਜੀ ਬੀ. ਏ. ਪਟਿਆਲਾ

**ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਮੁੱਖ ਪ੍ਰਬੰਧਕ :

ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਮੋਬਾਇਲ : 98140-35191

ਸਹਿਯੋਗੀ :

ਗੁਰਪ੍ਰੀਤ ਸਿੰਘ ਮੱਕੜ ਮੋਬਾਇਲ : 98553-50555

ਵਰਿੰਦਰ ਸਿੰਘ ਵਾਸੂ ਮੋਬਾਇਲ : 98148-19995

ਪ੍ਰਾਰਥਕ :

**ਅਵਤਾਰ ਸਿੰਘ ਮੱਕੜ ਪ੍ਰਧਾਨ ਗੁਰਦੁਆਰਾ ਸਾਹਿਬ**

**ਅਤੇ**

**ਸਮੂਹ ਸਾਧ ਸੰਗਤ ਪਿੰਡ ਚੱਕੀ (ਮਾਛੀਵਾੜਾ)**

# ਪ੍ਰੋਗਰਾਮ ਪ੍ਰਚਾਰ-ਯਾਤਰਾ ਅਪ੍ਰੈਲ 2007

## ਸ੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

**ਕੋਡ : 0164 ਫ਼ੋਨ : 2262012, 2262051 ਫੈਕਸ : 2262657**

ਮੋਬਾਇਲ : **98140-32957** (ਸੰਤ ਰਣਜੀਤ ਸਿੰਘ ਸੇਵਾਦਾਰ 9814035191)

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 1-4-2007 | ਮਾਛੀਵਾੜਾ | ਪਹੁੰਚ ਤੇ ਦੀਵਾਨ ਰਾਤ, ਡੇਰਾ ਮਹੰਤ ਗੁਲਾਬ ਸਿੰਘ ਜੀ |
| 2-4-2007 | ਮਾਛੀਵਾੜਾ | ਪਾਠ ਸਮਾਪਤੀ ਤੇ ਯੱਗ ਸਮਾਗਮ<br>ਡੇਰਾ ਮਹੰਤ ਗੁਲਾਬ ਸਿੰਘ ਜੀ |
| 2-4-2007 | ਚੱਕੀ (ਮਾਛੀਵਾੜਾ) | ਪਹੁੰਚ ਤੇ ਦੀਵਾਨ ਰਾਤ<br>ਗੁਰਦੁਆਰਾ ਮਹੰਤ ਗੁਲਾਬ ਸਿੰਘ ਜੀ |
| 3-4-2007 | ਚੱਕੀ (ਮਾਛੀਵਾੜਾ) | ਸਮਾਪਤੀ ਸ੍ਰੀ ਅਖੰਡ ਪਾਠ ਤੇ ਯੱਗ ਸਮਾਗਮ<br>(ਸ਼ੁਭ ਮਹੂਰਤ)<br>ਗੁਰਦੁਆਰਾ ਮਹੰਤ ਗੁਲਾਬ ਸਿੰਘ ਜੀ |
| 5-4-2007 | ਬਠਿੰਡਾ | ਸਮਾਪਤੀ ਸੰਪਟ ਸ੍ਰੀ ਅਖੰਡ ਪਾਠ<br>ਪ੍ਰਕਾਸ਼ ਰਾਮ ਸਿੰਘ ਦੇ ਪੋਤਰੇ ਗੁਰਪ੍ਰੀਤ ਦੇ<br>ਬੱਚੇ ਦੀ ਦਾਤ ਦੀ ਖੁਸ਼ੀ ਵਿੱਚ |
| 1-7-2007 | ਪਾਣੀਪਤ | ਸ਼ਗਨ 11 ਵਜੇ<br>ਸ੍ਰ: ਜਗਮੀਤ ਸਿੰਘ ਦੇ ਬੇਟੇ ਦਿਲਪ੍ਰੀਤ ਸਿੰਘ<br>ਫ਼ੋਨ : 9896316570, 3298787 |
| 8-4-2007 | ਦਿੱਲੀ | ਅਨੰਦ ਕਾਰਜ<br>ਪ੍ਰਭਜੋਤ ਕੌਰ ਸਪੁੱਤਰੀ ਸ: ਜਗਮੋਹਣ ਸਿੰਘ |

**14-4-2007 ਗੋਨਿਆਣਾ ਭਾਈ ਜਗਤਾ ਜੀ ਵਿਖੇ ਸੰਗਰਾਂਦ ਦਾ ਮਾਸਿਕ ਸਮਾਗਮ**

| | | |
|---|---|---|
| 17 ਤੋਂ 19 ਅਪ੍ਰੈਲ | ਗੋਨਿਆਣਾ | 58ਵੀ ਸਲਾਨਾ ਬਰਸੀ (ਸੰਤ ਭਾਈ ਸੁਹੇਲ ਸਿੰਘ ਜੀ 'ਸੇਵਾ ਪੰਥੀ') ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ |
| 19 ਤੋਂ 21 ਅਪ੍ਰੈਲ | ਗੋਨਿਆਣਾ | ਸਲਾਨਾ ਯੱਗ ਸਮਾਗਮ, ਮਹੰਤ ਗੁਲਾਬ ਸਿੰਘ ਜੀ<br>ਟਿਕਾਣਾ ਭਾਈ ਜਗਤਾ ਜੀ |

ਲੜੀਵਾਰ ਕਥਾ

# ਸੁਖਮਨੀ ਸਾਹਿਬ

- ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

॥ ਸਲੋਕੁ ॥

ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ ॥
ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥੧॥

॥ ਅਸਟਪਦੀ ॥

ਟੂਟੀ ਗਾਢਨਹਾਰ ਗੋੁਪਾਲ ॥
ਸਰਬ ਜੀਆ ਆਪੇ ਪ੍ਰਤਿਪਾਲ ॥
ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥
ਤਿਸ ਤੇ ਬਿਰਥਾ ਕੋਈ ਨਾਹਿ ॥
ਰੇ ਮਨ ਮੇਰੇ ਸਦਾ ਹਰਿ ਜਾਪਿ ॥
ਅਬਿਨਾਸੀ ਪ੍ਰਭੁ ਆਪੇ ਆਪਿ ॥
ਆਪਨ ਕੀਆ ਕਛੂ ਨ ਹੋਇ ॥
ਜੇ ਸਉ ਪ੍ਰਾਨੀ ਲੋਚੈ ਕੋਇ ॥
ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥
ਗਤਿ ਨਾਨਕ ਜਪਿ ਏਕ ਹਰਿ ਨਾਮ ॥੧॥

॥ ਸਲੋਕੁ ॥

ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ ॥
ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥੧॥

ਪਦ-ਅਰਥ : ਸਰਬ ਕਲਾ -ਸਾਰੀਆਂ ਸ਼ਕਤੀਆਂ ਕਰਕੇ ਪੂਰਨ । ਬਿਰਥਾ-ਤਕਲੀਫ਼

ਅਰਥ : ਇਸ ਸਲੋਕੁ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਉਹ ਪ੍ਰਭੂ ਜੋ ਸਾਰੀਆਂ ਸ਼ਕਤੀਆਂ ਕਰਕੇ ਪੂਰਨ ਹੈ ਉਹ ਹਰ ਇੱਕ ਜੀਵ ਦੀ ਬਿਰਥਾ (ਤਕਲੀਫ) ਨੂੰ ਜਾਣਨ ਵਾਲਾ ਹੈ । ਜਿਸ ਪ੍ਰਭੂ ਦਾ ਸਿਮਰਨ ਕਰਕੇ ਤਰ ਜਾਈਦਾ ਹੈ । ਮਹਾਰਾਜ ਕਹਿੰਦੇ ਹਨ ਮੈਂ ਉਸ ਪ੍ਰਭੂ ਦੇ ਬਲਿਹਾਰ ਜਾਂਦਾ ਹਾਂ ।

**॥ ਅਸਟਪਦੀ ॥**

**ਟੂਟੀ ਗਾਢਨਹਾਰ ਗੋੁਪਾਲ ॥**

**ਸਰਬ ਜੀਆ ਆਪੇ ਪ੍ਰਤਿਪਾਲ ॥**

ਪਦ-ਅਰਥ : ਮਹਾਰਾਜ ਕਹਿੰਦੇ ਹਨ ਮੇਰਾ ਪ੍ਰਭੂ ਗੋਪਾਲ ਹੈ ਅਰਥਾਤ ਸਾਰੇ ਜੀਆਂ ਦੀ ਪਾਲਣਾ ਕਰਨ ਵਾਲਾ ਹੈ ਉਹੋ ਹੀ ਟੁੱਟੀ ਹੋਈ ਨੂੰ ਗੰਢਣ ਵਾਲਾ ਹੈ ਭਾਵ ਜੀਵਾਂ ਨੂੰ ਆਪਣੇ ਨਾਲ ਮੇਲ ਲੈਣ ਵਾਲਾ ਵੀ ਉਹੋ ਹੀ ਹੈ ।

**ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥**

**ਤਿਸ ਤੇ ਬਿਰਥਾ ਕੋਈ ਨਾਹਿ ॥**

ਅਰਥ : ਜਿਸ ਪ੍ਰਭੂ ਦੇ ਮਨ ਵਿੱਚ ਸਾਰਿਆਂ ਜੀਵਾਂ ਦੀ ਚਿੰਤਾ ਹੈ ਉਸ ਪ੍ਰਭੂ ਤੋਂ ਕੋਈ ਵੀ ਬਿਰਥਾ (ਖਾਲੀ ਨਹੀਂ ਹੈ)

**ਰੇ ਮਨ ਮੇਰੇ ਸਦਾ ਹਰਿ ਜਾਪਿ ॥**

**ਅਬਿਨਾਸੀ ਪ੍ਰਭੁ ਆਪੇ ਆਪਿ ॥**

ਅਰਥ : ਕਹਿੰਦੇ ਹਨ ਹੇ ਮੇਰੇ ਮਨ ਉਸ ਪ੍ਰਭੂ ਦਾ ਸਿਮਰਨ ਕਰ ਉਹ ਪ੍ਰਭੂ ਅਬਿਨਾਸੀ ਆਪੇ ਆਪਿ ਸੁਤੰਤ੍ਰ ਹੈ ।

**ਆਪਨ ਕੀਆ ਕਛੂ ਨ ਹੋਇ ॥**

**ਜੇ ਸਉ ਪ੍ਰਾਨੀ ਲੋਚੈ ਕੋਇ ॥**

ਅਰਥ : ਉਸ ਪ੍ਰਭੂ ਦੀ ਸਹਾਇਤਾ ਤੋਂ ਬਿਨਾਂ ਪ੍ਰਾਣੀ ਦਾ ਆਪਣਾ ਕੀਤਾ ਕੁਝ ਨਹੀਂ ਹੁੰਦਾ ਭਾਵੇਂ ਉਹ ਸੈਂਕੜੇ ਵਾਰੀ ਵੀ ਇੱਛਾ ਕਰੇ ਤਾਂ ਵੀ ਇਸ ਦਾ ਆਪਣਾ ਕੀਤਾ ਕੁਝ ਨਹੀਂ ਹੁੰਦਾ ।

**ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥**

**ਗਤਿ ਨਾਨਕ ਜਪਿ ਏਕ ਹਰਿ ਨਾਮ ॥੧॥**

ਅਰਥ : ਹੇ ਜੀਵ ਉਸ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਤੇਰੇ ਕੀਤੇ ਕੰਮ ਸਭ ਵਿਅਰਥ ਹਨ ਇੱਕ ਹਰੀ ਦਾ ਨਾਮ ਜਪ ਕੇ ਹੀ ਤੇਰੀ ਗਤਿ (ਮੁਕਤੀ) ਹੋਵੇਗੀ ॥੧॥

(ਚਲਦਾ.....)

੧ਓ ਸਤਿਗੁਰ ਪ੍ਰਸਾਦਿ ॥

# ਗਉੜੀ ਬਾਵਨ ਅਖਰੀ ਮਹਲਾ-੫

- ਸੰਤ ਕਾਹਨ ਸਿੰਘ 'ਸੇਵਾ ਪੰਥੀ'

- ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

## ॥ ਸਲੋਕੁ ॥

ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥
ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥

## ਪਉੜੀ ॥

ਛਛਾ ਛੋਹਰੇ ਦਾਸ ਤੁਮਾਰੇ ॥
ਦਾਸ ਦਾਸਨ ਕੇ ਪਾਨੀ ਹਾਰੇ ॥
ਛਛਾ ਛਾਰੁ ਹੋਤ ਤੇਰੇ ਸੰਤਾ ॥
ਆਪਨੀ ਕ੍ਰਿਪਾ ਕਰਹੁ ਭਗਵੰਤਾ ॥
ਛਾਡਿ ਸਿਆਨਪ ਬਹੁ ਚਤੁਰਾਈ ॥
ਸੰਤਨ ਕੀ ਮਨ ਟੇਕ ਟਿਕਾਈ ॥
ਛਾਰੁ ਕੀ ਪੁਤਰੀ ਪਰਮ ਗਤਿ ਪਾਈ ॥
ਨਾਨਕ ਜਾ ਕਉ ਸੰਤ ਸਹਾਈ ॥੨੩॥

### ॥ ਸਲੋਕੁ ॥

ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥
ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥

**ਪਦ ਅਰਥ** : ਛੰਤ - ਛੰਦ, ਗੀਤ, ਦਾਸ ਦਸਾਇ - ਦਾਸਾਂ ਦਾ ਦਾਸ

**ਅਰਥ** : ਗੁਰਬਾਣੀ ਦੁਆਰਾ ਗੋਬਿਦ ਦੇ ਗੁਣਾਂ ਨੂੰ ਗਾਇਨ ਕਰਕੇ ਛਾਤੀ ਠੰਡੀ ਤੇ ਮਨ ਸੁਖੀ ਹੋ ਗਿਆ ਹੈ ਹੇ ਪ੍ਰਭੂ ਐਸੀ ਕਿਰਪਾ ਕਰੋ ਕਿ ਮੈ (ਨਾਨਕ) ਦਾਸਾਂ ਦਾ ਦਾਸ ਬਣਿਆ ਰਹਾਂ ।

ਪਉੜੀ ॥

ਛਛਾ ਛੋਹਰੇ ਦਾਸ ਤੁਮਾਰੇ ॥
ਦਾਸ ਦਾਸਨ ਕੇ ਪਾਨੀ ਹਾਰੇ ॥

ਪਦ-ਅਰਥ: ਛੋਹਰੇ - ਛੋਟੇ ਜਿਹੇ ਬਾਲਕੇ ਦਾਸ ।
ਪਾਨੀ ਹਾਰੇ-ਪਾਣੀ ਢੋਣ ਵਾਲੇ ।

ਅਰਥ : ਸਤਿਗੁਰੂ ਜੀ ਛਛੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਹੇ ਪ੍ਰਮੇਸ਼ਵਰ ਜੀ ਅਸੀਂ ਤੁਹਾਡੇ ਨਿੱਕੇ ਜਿਹੇ ਦਾਸ ਹਾਂ ਤੁਹਾਡੇ ਦਾਸਨ ਦਾਸਾਂ ਦੇ ਪਾਣੀ ਢੋਣ ਵਾਲੇ ਹਾਂ ।

ਛਛਾ ਛਾਰੁ ਹੋਤ ਤੇਰੇ ਸੰਤਾ ॥
ਆਪਨੀ ਕ੍ਰਿਪਾ ਕਰਹੁ ਭਗਵੰਤਾ ॥

ਪਦ-ਅਰਥ: ਛਾਰ-ਧੂੜ

ਅਰਥ : ਛੱਛੇ ਅੱਖਰ ਰਾਹੀਂ ਬੇਨਤੀ ਕਰਦੇ ਹਨ ਕਿ ਭਗਵੰਤ ਸਾਡੇ ਉਤੇ ਆਪਣੀ ਕਿਰਪਾ ਦ੍ਰਿਸ਼ਟੀ ਕਰੋ ਤਾਂ ਜੋ ਅਸੀਂ ਤੇਰੇ ਸੰਤ ਜਨਾਂ ਦੀ ਚਰਨ ਧੂੜ ਹੋ ਜਾਈਏ ।

ਛਾਡਿ ਸਿਆਨਪ ਬਹੁ ਚਤੁਰਾਈ ॥
ਸੰਤਨ ਕੀ ਮਨ ਟੇਕ ਟਿਕਾਈ ॥

ਅਰਥ : ਹੇ ਮਨ ਬਹੁਤ ਚਤੁਰਾਈਆਂ ਤੇ ਸਿਆਣਪਾਂ ਛੱਡ ਕੇ ਤੂੰ ਸੰਤ ਜਨਾਂ ਦੀ ਟੇਕ ਆਸਰਾ ਫੜੀ ਰੱਖ । ਭਾਵ ਸੰਤ ਗੁਰੂ ਦੇ ਉਪਦੇਸ਼ਾਂ ਅਨੁਸਾਰ ਚੱਲ ।

ਛਾਰੁ ਕੀ ਪੁਤਰੀ ਪਰਮ ਗਤਿ ਪਾਈ ॥
ਨਾਨਕ ਜਾ ਕਉ ਸੰਤ ਸਹਾਈ ॥੨੩॥

ਪਦ-ਅਰਥ : ਛਾਰੁ ਕੀ ਪੁਤਰੀ-ਮਿਟੀ ਦੀ ਪੁਤਲੀ

ਅਰਥ : ਨਾਨਕ ਗੁਰੂ ਜੀ ਫੁਰਮਾਉਂਦੇ ਹਨ ਜਿਸਨੂੰ ਸੰਤ (ਗੁਰੂ) ਜੀ ਸਹਾਈ ਹੋਏ ਹਨ ਉਸ ਦਾ ਇਹ ਸਰੀਰ ਤਾਂ ਭਾਵੇਂ ਮਿਟੀ ਦਾ ਪੁਤਲਾ ਹੈ, ਪਰ ਇਸ ਵਿੱਚ ਉਹ ਉਚੀ ਤੋਂ ਉਚੀ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ ।

ਭਾਵ ਗੁਰੂ ਅਰਜਨ ਦੇਵ ਜੀ ਬੇਨਤੀ ਕਰਦੇ ਹਨ ਹੇ ਪ੍ਰਭੂ ਮੇਰੇ ਤੇ ਐਸੀ ਕ੍ਰਿਪਾ ਕਰੋ ਮੈਂ ਤੇਰੇ ਦਾਸਾਂ ਦਾ ਦਾਸ ਬਣਿਆ ਰਹਾਂ ਤੇਰੀ ਸਿਫ਼ਤ ਸਲਾਹ ਦੇ ਗੀਤ ਗਾ ਕੇ ਮੇਰੇ ਅੰਦਰ ਠੰਡ ਪਵੇ ਮਨ ਸੁਖੀ ਹੋਵੇ ਮੇਰੇ ਅੰਦਰ ਐਸੀ ਨਿਮਰਤਾ ਪੈਦਾ ਕਰੋ ਕਿ ਮੈਂ ਸਭ ਸਿਆਣਪਾਂ ਛੱਡ ਕੇ ਸੰਤ ਗੁਰੂ ਦੇ ਬਚਨਾਂ ਅਨੁਸਾਰ ਹੀ ਚੱਲਾਂ ਸੰਤ ਗੁਰੂ ਬਚਨਾਂ ਅਨੁਸਾਰ ਚੱਲਣ ਨਾਲ ਮੈਨੂੰ ਪਰਮਪਦ ਦੀ ਪ੍ਰਾਪਤੀ ਹੋਵੇਗੀ ।

(ਚਲਦਾ.........)

# ''ਡਾ: ਸ਼ਾਨ ਦਸਮੇਸ਼ ਐਵਾਰਡ ਨਾਲ ਸਨਮਾਨਤ''

## ਅਦਾਰਾ ਭਾਈ ਘਨੱਈਆ ਸੇਵਾ ਜੋਤੀ ਵੱਲੋਂ ਡਾ: ਸ਼ਾਨ ਨੂੰ ਹਾਰਦਿਕ ਵਧਾਈਆਂ

ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਅਮੈਰਿਅਸ ਅਤੇ ਸਾਹਿਤ ਧਰਮ ਤੇ ਇਤਿਹਾਸ ਦੇ ਸੁਪ੍ਰਸਿੱਧ ਵਿਦਵਾਨ ਡਾ: ਹਰਨਾਮ ਸਿੰਘ ਸ਼ਾਨ ਜੋ ਕੈਲੀਫੋਰਨੀਆਂ ਦੀ ਸੈਨਹੋਜ਼ੇ ਯੂਨੀਵਰਸਿਟੀ ਦੇ ਸੱਦੇ ਤੇ ਅਮਰੀਕਾ-ਕੈਨੇਡਾ ਦੇ ਅਕਾਦਮਿਕ ਦੌਰੇ ਤੇ ਗਏ ਹੋਏ ਸਨ, ਛੇ ਮਹੀਨਿਆਂ ਦੀ ਯਾਤਰਾ ਉਪਰੰਤ ਦੇਸ਼ ਵਾਪਸ ਆ ਗਏ ਹਨ । ਇਸ ਦੌਰੇ ਦੌਰਾਨ ਵੀ ਉਨ੍ਹਾਂ ਨੂੰ ਥਾਂਉਂ-ਥਾਂ ਦਿੱਤੇ ਗਏ ਸਨਮਾਨਾਂ ਤੋਂ ਇਲਾਵਾ ਅਮਰੀਕਾ ਦੇ ਮਸ਼ਹੂਰ ਤੇ ਮਾਣਕਰਨਯੋਗ ''ਇੰਟਰਨੈਸ਼ਨਲ ਦਸਮੇਸ਼ ਐਵਾਰਡ'' ਨਾਲ ਵੀ ਨਿਵਾਜਿਆ ਗਿਆ ਹੈ । ਡਾ: ਸ਼ਾਨ ਨੂੰ ਭੇਟਾ ਕੀਤੀ ਗਈ ਯਾਦਗਾਰੀ ਪਲੇਕ ਅਨੁਸਾਰ, ''ਉਨ੍ਹਾਂ ਨੂੰ ਇਹ ਮਾਣ-ਸਨਮਾਨ ਉਨ੍ਹਾਂ ਦੀ ਅਕਾਦਮਿਕ ਉੱਤਮਤਾ ਅਤੇ ਸਿੱਖ ਸਾਹਿਤ, ਸਭਿਆਚਾਰ ਤੇ ਕਦਰਾਂ ਨੂੰ ਸੰਭਾਲੇ ਰੱਖਣ ਤੇ ਪਰਸਾਰਣ ਲਈ ਆਪਣੀ ਵਿਦਵਾਨਤਾ ਅਤੇ ਲਿਖਤਾਂ-ਲੈਕਚਰਾਂ ਦੁਆਰਾ ਜੀਵਨ-ਭਰ ਕੀਤੀ ਸਮਰਪਿਤ ਘਾਲ ਨੂੰ ਮੁੱਖ ਰੱਖ ਕੇ ਦਿੱਤਾ ਗਿਆ ਹੈ ।'' ਅਮਰੀਕਾ ਦੀਆਂ ਕਈ ਅੰਗਰੇਜ਼ੀ ਅਤੇ ਪੰਜਾਬੀ ਅਖ਼ਬਾਰਾਂ ਤੋਂ ਛੁੱਟ, ਕੈਲੀਫੋਰਨੀਆਂ ਤੇ ਨਿਊਯਾਰਕ ਤੋਂ ਇੱਕੋ-ਵਕਤ ਛਪਦੇ, ''ਅੰਮ੍ਰਿਤਸਰ ਟਾਈਮਜ਼'' ਨੇ ਉਸ ਸਨਮਾਨ ਤੇ ਸਮਾਗਮ ਨੂੰ ਇਉਂ ਬਿਆਨਿਆਂ ਹੋਇਆ ਹੈ :

### ਡਾ.ਸ਼ਾਨ 'ਦਸਮੇਸ਼ ਐਵਾਰਡ' ਨਾਲ ਸਨਮਾਨਤ

ਵਾਲਨਟ/ਅੰਮ੍ਰਿਤਸਰ ਟਾਈਮਜ਼ ਬਿਊਰੋ ਨਿਊਜ਼ :

ਇਸ ਸਾਲ ਦਾ ਕੌਮਾਂਤਰੀ ਪੱਧਰ ਦਾ ਵੱਕਾਰੀ 'ਦਸਮੇਸ਼ ਐਵਾਰਡ' ਜਾਣੇ-ਪਛਾਣੇ ਸਿੱਖ ਵਿਦਵਾਨ ਡਾ. ਹਰਨਾਮ ਸਿੰਘ ਸ਼ਾਨ ਨੂੰ ਦਿੱਤਾ ਗਿਆ ਹੈ। ਡਾ. ਸ਼ਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਾਬਕਾ ਪ੍ਰੋਫ਼ੈਸਰ ਅਤੇ ਗੁਰੂ ਨਾਨਕ ਚੇਅਰ ਦੇ ਸਾਬਕਾ ਚੇਅਰਮੈਨ ਹਨ। ਉਨ੍ਹਾਂ ਵਲੋਂ ਸਿੱਖ ਸਾਹਿਤ, ਸਭਿਆਚਾਰ ਅਤੇ ਸਿੱਖ ਕਦਰਾਂ-ਕੀਮਤਾਂ ਨੂੰ ਪ੍ਰਚਾਰਨ ਅਤੇ ਇਨ੍ਹਾਂ 'ਤੇ



ਖੋਜ-ਭਰਪੂਰ ਕਾਰਜ ਦਾ ਵਡਮੁੱਲਾ ਯੋਗਦਾਨ ਪਾਇਆ ਗਿਆ ਹੈ। ਡਾ. ਸ਼ਾਨ ਵਿਸ਼ਵ ਪ੍ਰਸਿੱਧ ਪੰਜਾਬੀ ਵਿਦਵਾਨ ਹਨ ਜੋ ਅਨੇਕਾਂ ਕੌਮੀ ਅਤੇ ਕੌਮਾਂਤਰੀ ਸੰਸਥਾਨਾਂ ਨਾਲ ਕੰਮ ਕਰ ਰਹੇ ਹਨ। ਉਹ ਸਿੱਖ ਇਤਿਹਾਸ ਅਤੇ ਗੁਰਬਾਣੀ ਉਤੇ ਅਨੇਕਾਂ ਰਚਨਾਵਾਂ ਲਿਖ ਚੁੱਕੇ ਹਨ। ਉਨ੍ਹਾਂ ਨੂੰ ਇਥੇ ਇਕ ਸੈਮੀਨਾਰ ਦੌਰਾਨ ਦਸਮੇਸ਼ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਚੇਤੇ ਰਹੇ ਕਿ ਡਾ. ਸ਼ਾਨ ਅੱਜਕੱਲ੍ਹ ਅਮਰੀਕਾ ਤੇ ਕੈਨੇਡਾ ਦੇ ਦੌਰੇ 'ਤੇ ਹਨ। ਉਨ੍ਹਾਂ ਨੂੰ ਇਥੇ ਵੱਖ-ਵੱਖ ਸੰਸਥਾਵਾਂ ਨੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਹੈ। ਦਰਬਾਰ-ਏ-ਖ਼ਾਲਸਾ ਅਤੇ ਇੰਟਰਨੈਸ਼ਨਲ ਇੰਸਟੀਚਿਊਟ ਆਫ ਗੁਰਮਤਿ ਸਟੱਡੀਜ਼ ਟਸਟਿਨ ਵਲੋਂ 21 ਦਸੰਬਰ 06 ਨੂੰ ਐਸ ਏ ਸੀ ਕਾਲਜ ਵਾਲਨਟ 'ਚ ਕਰਵਾਏ ਇਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਡਾ. ਸ਼ਾਨ ਨੂੰ ਦਸਮੇਸ਼ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 340ਵੇਂ ਪ੍ਰਕਾਸ਼ ਉਤਸਵ ਦੇ ਉਤਸਵ ਦੇ ਜਸ਼ਨਾਂ ਨਾਲ ਸਬੰਧਤ ਇਸ ਪ੍ਰੋਗਰਾਮ ਵਿਚ ਵੱਡੀ ਗਿਣਤੀ ਵਿਚ ਸਿੱਖ ਆਗੂਆਂ ਅਤੇ ਸੰਗਤਾਂ ਨੇ ਹਿੱਸਾ ਲਿਆ।

Amritsar Times 3 — 3 January to 9 January

ਨਿਊਯਾਰਕ/ਕੈਲੀਫੋਰਨੀਆ ਐਡੀਸ਼ਨ

16 ਫਰਵਰੀ 2006

# ਅਨਮੋਲ ਬਚਨ

★ ਭਗਵਾਨ ਤੋਂ ਕੋਈ ਜਗ੍ਹਾ ਖਾਲੀ ਨਹੀਂ, ਉਹ ਹਰ ਇੱਕ ਦੇ ਹਿਰਦੇ ਵਿੱਚ ਹੈ।

**No place exists without God,He resides in each heart.**

भगवान से कोई स्थान खाली नहीं, वह प्रत्येक के हृदय में हैं।

★ ਕੁਦਰਤ ਕਮਜ਼ੋਰੀ ਤੋਂ ਨਫਰਤ ਕਰਦੀ ਹੈ।

**Nature abnores impotency.**

कुदरत कमजोरी से नफरत करती है।

★ ਬੁਢਾਪੇ ਦੀਆਂ ਝੁਰੜੀਆਂ ਆਤਮਾ ਤੇ ਨਾ ਪੈਣ ਦਿਉ।

बुढ़ापे की झुर्रीयां आत्मा पर न पड़ने दें।

★ ਆਪਣੇ ਦੋਸ਼ ਨੂੰ ਲੱਭਣਾ ਗਿਆਨਵਾਨਾਂ ਦਾ ਕੰਮ ਹੈ।

**Self Criticism is a knowledgeable work.**

अपने दोष को ढूंढना ज्ञानवानों का काम है।

★ ਘਰ ਵਿੱਚ ਮੇਲ ਹੋਣਾ ਧਰਤੀ 'ਤੇ ਸਵਰਗ ਦੇ ਸਮਾਨ ਹੈ।

**Harmony in family is like a paradise on earth.**

घर में मेल होना पृथ्वी पर स्वर्ग के समान है।

★ ਸੱਚਾਈ ਦੀ ਜਿੱਤ ਦੇਰ ਨਾਲ ਹੋ ਸਕਦੀ ਹੈ।

**Truth conquers in the long run .**

सच्चाई की जीत देर से हो सकती है। -ਮੈਡਮ ਸਤੀਸ਼ ਸਾਹਨੀ

# ਵੈਸਾਖੀ ਤੇ ਖ਼ਾਲਸੇ ਦਾ ਜਨਮ

-ਸੰਤ ਭਾਈ ਕਾਹਨ ਸਿੰਘ 'ਸੇਵਾ ਪੰਥੀ'

ਸਿੱਖ ਕੌਮ ਵਿੱਚ ਵੈਸਾਖੀ ਵਾਲੇ ਦਿਨ ਦੀ ਬਹੁਤ ਮਹੱਤਤਾ ਹੈ । ਵੈਸਾਖੀ ਦਾ ਦਿਨ ਖ਼ਾਲਸੇ ਦਾ ਜਨਮ-ਦਿਨ ਮੰਨਿਆ ਜਾਂਦਾ ਹੈ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1699 ਈ: ਵਿੱਚ ਆਨੰਦਪੁਰ ਸਾਹਿਬ ਦੇ ਸਥਾਨ ਤੇ ਅਣਗਿਣਤ ਸੰਗਤਾਂ ਦੇ ਇਕੱਠ ਵਿੱਚੋਂ ਵੱਖ-ਵੱਖ ਪ੍ਰਾਂਤਾਂ ਵਿੱਚੋਂ ਸੱਚੇ ਇਨਸਾਨਾਂ ਦੀ ਚੋਣ ਕਰਕੇ ਜਿਨ੍ਹਾਂ ਪੰਜ ਪਿਆਰਿਆਂ ਨੇ ਗੁਰੂ ਜੀ ਦੇ ਹੁਕਮ ਨੂੰ ਸੁਣ ਕੇ ਸੀਸ ਭੇਟਾ ਕੀਤੇ, ਉਨ੍ਹਾਂ ਨੂੰ ਖੰਡੇ ਦੀ ਪਾਹੁਲ ਦੁਆਰਾ ਨਾਮ ਅੰਮ੍ਰਿਤ ਦੀ ਦਾਤ ਅਤੇ ਆਪਣਾ ਸਰੂਪ ਬਖ਼ਸ਼ਿਆ । ਆਪਣਾ ਸਰੂਪ ਬਖ਼ਸ਼ ਕੇ ਖ਼ਾਲਸਾ ਬਣਾਇਆ ਤੇ ਬਚਨ ਕੀਤਾ :

ਖ਼ਾਲਸਾ ਮੇਰੋ ਰੂਪ ਹੈ ਖਾਸ ॥ ਖ਼ਾਲਸੇ ਮਹਿ ਹਉ ਕਰਉ ਨਿਵਾਸ ॥
ਖ਼ਾਲਸਾ ਮੇਰੋ ਪਿੰਡ ਪਰਾਨ ॥ ਖ਼ਾਲਸਾ ਮੇਰੀ ਜਾਨ ਕੀ ਜਾਨ ॥

ਇਤਿਆਦਿ ਬਚਨ ਕਹਿ ਕੇ ਖ਼ਾਲਸੇ ਦੀ ਬਹੁਤ ਮਹਿਮਾ ਕੀਤੀ । ਪਰ ਇਹ ਖ਼ਾਲਸੇ ਦੀ ਨੀਂਹ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ ।

ਪ੍ਰਭੂ ਰਚਨਾਂ ਵਿੱਚ ਵੈਸਾਖ ਦਾ ਮਹੀਨਾ ਬਸੰਤ ਰੁੱਤ ਦਾ ਦੂਜਾ ਮਹੀਨਾ ਹੈ । ਬ੍ਰਿਛਾਂ ਬੂਟਿਆਂ ਆਦਿ ਬਨਸਪਤੀ ਤੇ ਹਰਿਆਵਲ ਪੈਦਾ ਹੁੰਦੀ ਹੈ । ਬਨਸਪਤੀ ਤੇ ਨਵੀਆਂ ਲਗਰਾਂ (ਟਾਹਣੀਆਂ) ਤੇ ਨਵੇਂ ਪੱਤੇ ਪੈਦਾ ਹੁੰਦੇ ਹਨ । ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਥਨ ਹੈ : ਵੈਸਾਖੁ ਭਲਾ ਸਾਖਾ ਵੇਸ ਕਰੇ ॥੬॥

ਵੈਸਾਖ ਦੇ ਮਹੀਨੇ ਦੀ ਪਹਿਲੀ ਤਾਰੀਖ ਨੂੰ ਵਸੋਆ ਵੀ ਆਖਿਆ ਹੈ । ਜਿਸ ਦਾ ਅਰਥ ਹੈ 'ਨਵਾਂ ਦਿਨ' । ਵੈਸਾਖ ਦੇ ਮਹੀਨੇ ਦੇ ਸ਼ੁਰੂ ਵਿੱਚ ਮੇਲੇ ਲੱਗਦੇ ਹਨ । ਵੱਖ-ਵੱਖ ਥਾਂਵਾਂ ਤੇ ਵੱਖ-ਵੱਖ ਰੂਪਾਂ ਵਿੱਚ ਇਹ ਤਿਉਹਾਰ ਮਨਾਇਆ ਜਾਂਦਾ ਹੈ । ਕਿਸਾਨ ਲੋਕ ਕਣਕ ਆਦਿ ਫ਼ਸਲਾਂ ਨੂੰ ਤਿਆਰ ਹੋਇਆ ਵੇਖ ਕੇ ਖ਼ੁਸ਼ ਹੁੰਦੇ ਹਨ । ਬਸੰਤ ਰੁੱਤ ਦੀ ਬਹਾਰ ਨੂੰ ਵੇਖ ਕੇ ਪੰਛੀ ਪ੍ਰਸੰਨ ਹੁੰਦੇ ਹਨ । ਪਤੀ ਤੋਂ ਵਿੱਛੜੀ ਨਾਰ ਵਿਚੋਲਿਆਂ ਦੇ ਰਾਹੀਂ ਮਿਲਾਪ ਹੋਣ ਤੇ ਪ੍ਰਸੰਨ ਹੁੰਦੀ ਹੈ । ਪਰ ਪ੍ਰਭੂ ਦੀ ਪ੍ਰਾਪਤੀ ਅਤੇ ਆਪਣੇ ਜੀਵਨ ਨੂੰ (ਖ਼ਾਲਸ) ਪਵਿੱਤਰ ਕਰਨ ਲਈ ਪੂਰੇ ਗੁਰੂ ਦੀ ਭਾਰੀ ਲੋੜ ਹੈ । ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਥਨ ਹੈ :

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗਜੀਵਨੁ ਦਾਤਾ ਪਾਇਆ ॥ ੬ ॥

ਹੋਰ ਕਥਨ ਹੈ : ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥ ੧ ॥ ੧੦ ॥

ਗੁਰੂ ਸਾਹਿਬ ਜੀ ਕਹਿੰਦੇ ਹਨ, ਪੂਰੇ ਗੁਰੂ ਤੋਂ ਬਿਨਾਂ ਮਨੁੱਖ ਨੂੰ ਪਰਮਾਤਮਾ ਬਾਰੇ ਗਿਆਨ ਨਹੀਂ ਹੋ ਸਕਦਾ । ਦੁਨੀਆਂ ਵਿੱਚ ਮਹਾਨ ਵਿਦਵਾਨ, ਬ੍ਰਹਮਾ, ਨਾਰਦ ਮੁਨੀ ਤੇ ਵੇਦਾਂ ਦਾ ਪ੍ਰਚਾਰ ਕਰਨ ਵਾਲੇ ਵਿਆਸ ਰਿਸ਼ੀ ਆਦਿਕ ਬੁੱਧੀਮਾਨਾਂ ਤੋਂ ਵੀ ਪੁੱਛ ਕੇ ਵੇਖੋ ਭਾਵ ਉਹਨਾਂ ਦੇ ਰਚਿਤ ਕੀਤੇ ਧਾਰਮਿਕ ਗ੍ਰੰਥਾਂ ਵਿੱਚ ਇਹ ਕਥਨ ਹੈ ਕਿ ਗੁਰੂ ਤੋਂ ਬਿਨਾਂ ਮਨੁੱਖ ਨੂੰ ਆਤਮਿਕ ਸੋਝੀ ਨਹੀਂ ਆ ਸਕਦੀ ਤੇ ਮਨੁੱਖ ਦਾ ਜੀਵਨ (ਖ਼ਾਲਸ) ਪਵਿੱਤਰ ਨਹੀਂ ਹੋ ਸਕਦਾ । ਪਰ ਐਸੇ ਸਤਿਗੁਰੂ ਦੀ ਪ੍ਰਾਪਤੀ ਪ੍ਰਭੂ ਦੀ ਕਿਰਪਾ ਹੋਵੇ ਤਾਂ ਹੋ ਸਕਦੀ ਹੈ : ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥

ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥੪॥

ਅਗਿਆਨਤਾ ਦੇ ਅੰਧੇਰੇ ਅਤੇ ਮਾਇਆ ਦੇ ਮੋਹ ਵਿੱਚ ਫਸ ਕੇ ਮਨੁੱਖ ਜੂਨਾਂ ਦੇ ਚੱਕਰਾਂ ਵਿੱਚ ਪਿਆ ਰਹਿੰਦਾ ਹੈ। ਗੁਰੂ ਸਾਹਿਬ ਦਾ ਬਚਨ ਹੈ :

ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥੧॥੨॥

ਸੋ ਪੂਰਾ ਸਤਿਗੁਰੂ ਹੀ ਅਗਿਆਨਤਾ ਤੇ ਮੋਹ ਦੇ ਚੱਕਰ ਵਿੱਚ ਭਟਕ ਰਹੇ ਮਨੁੱਖ ਨੂੰ ਸ਼ਬਦ (ਉਪਦੇਸ਼) ਰਾਹੀਂ ਗਿਆਨ ਦਾ ਚਾਨਣ ਦੇ ਕੇ ਮਨੁੱਖ ਨੂੰ ਸੱਚੇ ਸਹੀ ਰਾਹ ਤੇ ਪਾ ਦਿੰਦਾ ਹੈ। ਪੂਰੇ ਗੁਰੂ ਦੇ ਸ਼ਬਦ (ਉਪਦੇਸ਼) ਸੁਣਨ ਤੇ ਵਿਚਾਰਨ, ਮੰਨਣ ਤੋਂ ਬਿਨਾਂ ਕੇਵਲ ਗੁਰੂ ਦੇ ਸਰੀਰ ਨੂੰ ਵੇਖਣ ਦੇ ਨਾਲ ਮਨੁੱਖ ਮੁਕਤੀ ਦੇ ਮਾਰਗ ਨੂੰ ਪ੍ਰਾਪਤ ਨਹੀਂ ਕਰ ਸਕਦਾ। ਗੁਰਬਾਣੀ ਦਾ ਪ੍ਰਮਾਣ ਹੈ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥੩॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੈਸਾਖ ਦੇ ਮਹੀਨੇ ਬਹਾਰ ਦੇ ਮੌਸਮੀ ਸਮੇ ਬਨਸਪਤੀ ਵਿੱਚ ਹਰਿਆਵਲ ਆਈ ਵੇਖ ਕੇ ਮਨੁੱਖ ਨੂੰ ਆਪਣਾ ਜੀਵਨ ਹਰਿਆ-ਭਰਿਆ ਕਰਨ ਦੇ ਲਈ ਪਰਮਾਤਮਾ ਨੂੰ ਪ੍ਰਾਪਤ ਕਰਨਾ ਜ਼ਰੂਰੀ ਦੱਸਿਆ ਹੈ ਤੇ ਇਸ ਮਨੋਰਥ ਦੀ ਪੂਰਤੀ ਦੇ ਲਈ ਸ਼ਬਦ ਦੇ ਸੁਰਤ ਦਾ ਮੇਲ ਹੋਣਾ ਜ਼ਰੂਰੀ ਦੱਸਿਆ ਹੈ। ਗੁਰੂ ਦਾ ਸ਼ਬਦ ਗੁਰੂ ਹੈ ਤੇ ਮਨੁੱਖ ਦੀ ਸੁਰਤ ਦਾ ਮੇਲ ਹੋਣਾ ਜ਼ਰੂਰੀ ਦੱਸਿਆ ਹੈ। ਗੁਰੂ ਦਾ ਸ਼ਬਦ ਗੁਰੂ ਹੈ ਤੇ ਮਨੁੱਖ ਦੀ ਸੁਰਤੀ ਸਿੱਖ ਜਾਂ ਚੇਲਾ ਹੈ। ਗੁਰੂ ਪਾਤਸ਼ਾਹ ਦਾ ਆਪਣਾ ਕਥਨ ਹੈ : ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੪੪॥

ਗੁਰੂ ਸਾਹਿਬ ਜੀ ਦਾ ਹੋਰ ਫ਼ਰਮਾਨ ਹੈ :

ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥੫॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦਾ ਇੱਕ-ਇੱਕ ਸ਼ਬਦ ਮਨੁੱਖ ਦੇ ਜੀਵਨ ਨੂੰ ਸਵਾਰਨ ਦੇ ਯੋਗ ਹੈ, ਪਰ ਤਦੋਂ ਹੀ ਇਹ ਕਾਰਜ ਹੋ ਸਕਦਾ ਹੈ ਜਦੋਂ ਸਿੱਖ ਆਪਣੀ ਸੁਰਤੀ ਲਾ ਕੇ ਗੁਰੂ ਦੇ ਬਚਨਾਂ ਨੂੰ ਸੁਣੇ, ਆਪਣੀ ਸੁਰਤੀ ਮੰਡਲ ਵਿੱਚ ਟਿਕਾਅ ਕੇ ਉਨ੍ਹਾਂ ਬਚਨਾਂ ਅਨੁਸਾਰ ਆਪਣਾ ਜੀਵਨ ਬਣਾਏ। ਬੁਰਿਆਈਆਂ ਦਾ ਤਿਆਗ ਕਰਕੇ ਸਦਗੁਣ ਤੇ ਪਰਮੇਸ਼ਰ ਦਾ ਧਿਆਨ ਆਪਣੇ ਹਿਰਦੇ ਵਿੱਚ ਧਾਰਨ ਕਰੀ ਰੱਖੇ। ਪਰਮੇਸ਼ਰ ਨੂੰ ਸਦਾ ਨੇੜੇ ਆਪਣੇ ਮਨ ਵਿੱਚ ਵੱਸਦਾ ਪ੍ਰਤੀਤ ਕਰੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਅਨੁਸਾਰ : ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥
ਨਾਨਕ ਵੈਸਾਖੀ ਪ੍ਰਭੁ ਭਾਵੈ ਸੁਰਤਿ ਸਬਦਿ ਮਨੁ ਮਾਨਾ ॥ ੬ ॥

ਜਿਨ੍ਹਾਂ ਨੇ ਪੂਰੇ ਗੁਰੂ ਦੇ ਸ਼ਬਦ ਨੂੰ ਸੁਰਤੀ ਲਾ ਕੇ ਸੁਣਿਆ, ਫਿਰ ਮੰਨਣ ਕੀਤਾ ਤਾਂ ਉਨ੍ਹਾਂ ਦੇ ਜੀਵਨ ਵਿੱਚੋਂ ਕਮਜ਼ੋਰੀਆਂ ਦੂਰ ਹੋ ਗਈਆਂ ਤੇ ਸੱਚੇ ਵਾਹਿਗੁਰੂ ਦੇ ਪਿਆਰ ਵਿੱਚ ਰੰਗੇ ਗਏ। ਉਹ ਇਨਸਾਨ ਖ਼ਾਲਸ ਭਾਵ ਸੱਚੇ-ਸੁੱਚੇ ਜੀਵਨ ਵਾਲੇ ਇਨਸਾਨ ਬਣ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਕਥਨ ਹੈ :

ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ
ਗੁਰੂ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ ॥ ੨ ॥ ੫ ॥ ੧੧ ॥

ਸੋ ਭਾਵ ਹੈ ਕਿਸੇ ਵਰਣ, ਕਿਸੇ ਜਾਤੀ ਦਾ ਮਨੁੱਖ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿੱਚ ਆਇਆ ਤੇ ਉਨ੍ਹਾਂ ਦੇ ਉਪਦੇਸ਼ ਨੂੰ ਸੁਰਤੀ ਲਾ ਕੇ ਸੁਣਿਆ ਤੇ ਮੰਨਿਆ। ਉਹ ਆਪ ਵੀ ਮੁਕਤ ਹੋਇਆ ਤੇ ਆਪਣੀਆਂ ਕੁਲਾਂ ਦੇ ਜੀਵਨ ਨੂੰ ਸਵਾਰਨ ਦੇ ਯੋਗ ਹੋ ਗਿਆ ਜਿਵੇਂ ਕਿ ਰਾਇ ਬੁਲਾਰ ਮੁਸਲਮਾਨ, ਭਾਈ ਮਰਦਾਨਾ ਮਰਾਸੀ ਆਦਿ ਵੀ ਗੁਰੂ ਦੇ

ਉਪਦੇਸ਼ ਨੂੰ ਸੁਣ, ਮੰਨ ਕੇ, ਪ੍ਰਭੂ ਪ੍ਰਾਪਤੀ ਕਰਕੇ ਸੱਚੇ ਇਨਸਾਨ ਬਣ ਗਏ । ਸੁੱਚੀ ਕਿਰਤ ਕਰਨ ਵਾਲੇ ਭਾਈ ਲਾਲੋ ਜੀ ਦੇ ਮਨ ਵਿੱਚ ਗੁਰੂ ਉਪਦੇਸ਼ ਸਦਕਾ ਪ੍ਰਭੂ ਦੀ ਭਗਤੀ ਉਜਾਗਰ ਹੋਈ । ਸੰਗਲਾਦੀਪ ਦੇ ਰਾਜੇ ਸ਼ਿਵਨਾਭ ਨੂੰ ਗੁਰੂ ਉਪਦੇਸ਼ ਮੰਨਣ ਤੇ ਬ੍ਰਹਮ ਦਾ ਗਿਆਨ ਹੋਇਆ । ਜਵਾਲਾ ਦੇਵੀ ਦੀ ਪੂਜਾ ਕਰਨ ਵਾਲੇ ਭਾਈ ਲਹਿਣਾ ਜੀ ਨੂੰ ਪਰਮੇਸ਼ਰ ਦੀ ਕਿਰਪਾ ਸਦਕਾ ਗੁਰੂ ਨਾਨਕ ਦੀ ਸ਼ਰਨ ਪ੍ਰਾਪਤ ਹੋਈ, ਤਾਂ ਲਹਿਣਾ ਜੀ ਨੇ ਦੇਵੀ ਦੀ ਪੂਜਾ ਤੇ ਪਰਿਵਾਰ ਦਾ ਮੋਹ ਛੱਡ ਕੇ ਇੱਕ ਗੁਰੂ ਦੀ ਹੀ ਟੇਕ ਮਨ ਵਿੱਚ ਧਾਰੀ ਤੇ ਗੁਰ ਸੇਵਾ ਵਿੱਚ ਲੀਨ ਹੋ ਗਏ । ਗੁਰੂ ਦਾ ਹੁਕਮ ਮੰਨਣਾ ਹੀ ਗੁਰੂ ਦੀ ਅਸਲੀ ਸੇਵਾ ਹੈ । ਜਦ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਰਿਵਾਰ ਤੇ ਸਾਰੀ ਸਿੱਖ ਕੌਮ ਦੀ ਪਰਖ ਕੀਤੀ ਤਾਂ ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਗੁਰੂ ਹੁਕਮਾਂ ਨੂੰ ਮੰਨਣ ਦੀ ਪ੍ਰੀਖਿਆ ਵਿੱਚ ਭਾਈ ਲਹਿਣਾ ਜੀ ਹੀ ਸਫਲ ਹੋਏ । ਬਾਣੀ ਵਿੱਚ ਕਥਨ ਹੈ :

ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿਕਿਓਨੁ ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥ ੪ ॥

ਤਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ (ਗੁਰੂ ਅੰਗਦ ਦੇਵ ਜੀ) ਨੂੰ (ਖ਼ਾਲਸ) ਸ਼ੁੱਧ ਇਨਸਾਨ ਜਾਣ ਕੇ ਨਾਮ ਅੰਮ੍ਰਿਤ ਦੀ ਦਾਤ ਦਿੱਤੀ ਤੇ ਆਪਣੇ ਅਸਥਾਨ ਤੇ ਸੁਸ਼ੋਭਿਤ ਕੀਤਾ ਭਾਵ ਗੁਰੂ ਜੋਤ ਉਨ੍ਹਾਂ ਦੇ ਅੰਦਰ ਟਿਕਾਈ ਤੇ ਗੁਰੂ ਅੰਗਦ ਦੇਵ ਜੀ ਨੇ ਆਪਾ ਨਿਵਾਰ ਕੇ ਗੁਰੂ ਹੁਕਮਾ ਅਨੁਸਾਰ ਸੇਵਾ ਕਰਨ ਵਾਲੇ ਸ਼੍ਰੀ ਅਮਰਦਾਸ ਜੀ ਨੂੰ ਖ਼ਾਲਸਾ ਬਣਾ ਕੇ ਆਪਣੇ ਅਸਥਾਨ ਤੇ ਸੁਸ਼ੋਭਿਤ ਕੀਤਾ । ਸ਼੍ਰੀ ਗੁਰੂ ਨਾਨਕ ਦੇਵ ਮਹਾਰਾਜ ਮਨੁੱਖਤਾ ਦੇ ਅੰਦਰ ਅਕਾਲ ਪੁਰਖ ਦਾ ਨਾਮ ਸਿਮਰਨ ਦ੍ਰਿੜ ਕਰਨ ਦੇ ਲਈ ਤੇ ਹਉਮੈ ਦੀ ਬੀਮਾਰੀ ਤੋਂ ਬਚਣ ਲਈ ਪ੍ਰਭੂ ਦੀ ਪ੍ਰਾਪਤੀ ਦੀ ਚਾਹ ਵਾਲੇ ਮਨੁੱਖ ਨੂੰ ਚਰਨਾ ਅੰਮ੍ਰਿਤ ਪਿਆਉਂਦੇ ਸਨ । ਭਾਈ ਗੁਰਦਾਸ ਜੀ ਨੇ ਕਥਨ ਕੀਤਾ ਹੈ :

ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪਿਲਾਇਆ ।

ਇਸੇ ਹੀ ਮਰਯਾਦਾ ਨੂੰ ਕਾਇਮ ਰੱਖਣ ਲਈ ਤੇ ਗੁਰਮਤਿ ਵਿਚਾਰਧਾਰਾ ਨੂੰ ਪਰਚਾਰਨ ਦੇ ਲਈ ਸ਼੍ਰੀ ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਆਦਿ ਗੁਰਸਿੱਖਾਂ ਦੀ ਸਹਿਮਤੀ ਨਾਲ ਗੋਇੰਦਵਾਲ ਵਿੱਚ ਵੈਸਾਖੀ ਦਾ ਪੁਰਬ ਮਨਾਉਣਾ ਅਰੰਭ ਕੀਤਾ, ਭਾਵ ਵੈਸਾਖੀ ਵਾਲੇ ਦਿਹਾੜੇ ਦੂਰ-ਨੇੜਿਓਂ ਬੁਲਾ ਕੇ ਸੰਗਤਾਂ ਦਾ ਇਕੱਠ ਕਰਕੇ ਉਪਦੇਸ਼ ਕੀਤਾ ਕਿ ਗੁਰੂ ਦੇ ਬਚਨਾਂ ਨੂੰ ਤੁਸੀਂ ਸਾਰੇ ਆਪਣੀ ਸੁਰਤੀ ਲਾ ਕੇ ਸਰਵਣ ਕਰੋਗੇ ਤਾਂ ਪਰਮੇਸ਼ਰ ਨੂੰ ਸਰਬ-ਵਿਆਪੀ ਸਮਰੱਥ ਤੇ ਸਾਰੇ ਸੁੱਖਾਂ ਦੇ ਦਾਤੇ ਹੋਣ ਦਾ ਗਿਆਨ ਤੁਹਾਡੇ ਅੰਦਰ ਪੈਦਾ ਹੋਵੇਗਾ । ਪਰਮੇਸ਼ਰ ਨੂੰ ਆਪਣੇ ਅੰਦਰ ਵੱਸਦਾ ਪ੍ਰਤੀਤ ਕਰਕੇ ਬੁਰਿਆਈਆਂ ਤੋਂ ਪ੍ਰਹੇਜ ਕਰਨਾ ਹੈ : ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥ ੧੧ ॥

ਝੂਠਾ ਮੱਧ ਭਾਵ ਸ਼ਰਾਬ ਨਹੀਂ ਪੀਣੀ ਪਰ ਤ੍ਰਿਯ ਰੂਪ ਨੂੰ ਮੰਦੀ ਨਜ਼ਰ ਨਾਲ ਨਹੀਂ ਦੇਖਣਾ :

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥

ਇਸ ਤਰ੍ਹਾਂ ਗੁਰਮਤਿ ਮਾਰਗ ਅਨੁਸਾਰ ਚੱਲਣ ਤੇ ਤੁਹਾਡਾ ਜੀਵਨ ਬਨਸਪਤੀ ਦੀ ਤਰ੍ਹਾਂ ਹਰਿਆ-ਭਰਿਆ ਨਵਾਂ-ਨਰੋਆ ਤੇ ਪਵਿੱਤਰ ਹੋਵੇਗਾ । ਇਸ ਵੈਸਾਖੀ ਦੇ ਪੁਰਬ ਦੀ ਮਰਯਾਦਾ ਨੂੰ ਕਾਇਮ ਰੱਖਦਿਆਂ ਹੋਇਆ ਸ਼੍ਰੀ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਵਿੱਚ ਸੰਗਤਾਂ ਇਕੱਤਰਤਾ ਕਰਕੇ ਸ਼ਬਦ ਤੇ ਸੁਰਤ ਦਾ ਮੇਲ ਦ੍ਰਿੜ ਕਰਾਉਂਦੇ ਰਹੇ । ਉਪਰੰਤ ਸ਼੍ਰੀ

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ, ਤਰਨਤਾਰਨ ਤੇ ਕਰਤਾਰਪੁਰ ਆਦਿ ਸਥਾਨਾ ਤੇ ਵੈਸਾਖੀ ਦੇ ਪੁਰਬ ਮਨਾ ਕੇ ਸੰਗਤਾਂ ਨੂੰ ਪ੍ਰਭੂ ਦਾ ਨਾਮ ਸਿਮਰਨ ਦ੍ਰਿੜ ਕਰਵਾਇਆ ਤੇ ਚਰਨਾਂ ਅੰਮ੍ਰਿਤ ਦੀ ਮਰਯਾਦਾ ਅਨੁਸਾਰ ਸਿੱਖੀ ਸਿਦਕ ਵਿੱਚ ਗੁਰਸਿੱਖਾਂ ਨੂੰ ਕਾਇਮ ਕੀਤਾ ਤੇ ਸਖੀ ਸਰਵਰ ਤੇ ਅੰਨ ਪੂਜਾ ਤੋਂ ਹਟਾਇਆ ਤੇ ਇੱਕ ਅਕਾਲ ਪੁਰਖ ਦਾ ਪੁਜਾਰੀ ਬਣਾਇਆ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਉਪਰੋਕਤ ਸਥਾਨਾਂ ਤੇ ਅਤੇ ਕੀਰਤਨ ਸਾਹਿਬ ਵਿੱਚ ਤੇ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੈਸਾਖੀ ਤੇ ਦੀਪਮਾਲਾ ਆਦਿ ਪੁਰਬਾਂ ਦੇ ਸਮੇਂ ਆਪਣੀ ਹਜ਼ੂਰੀ ਵਿੱਚ ਸੰਗਤਾਂ ਨੂੰ ਬੁਲਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਮਰਯਾਦਾ ਅਨੁਸਾਰ ਚਰਨਾਂ ਅੰਮ੍ਰਿਤ ਦੇ ਕੇ ਗੁਰਸਿੱਖਾਂ ਦੇ ਅੰਦਰੋਂ ਹਉਮੈਂ ਦਾ ਵਿਨਾਸ਼ ਕਰਕੇ ਪਰਮਾਤਮਾ ਦੇ ਨਾਮ ਵਿੱਚ ਸੁਰਤੀ ਜੋੜਨ ਦਾ ਉਪਦੇਸ਼ ਦ੍ਰਿੜਾਇਆ । ਸੋ ਇਸ ਤਰ੍ਹਾਂ ਅਨੇਕਾਂ ਜੀਵਾਂ ਨੇ ਗੁਰੂ ਦੇ ਸ਼ਬਦ ਵਿੱਚ ਆਪਣੀ ਸੁਰਤੀ ਨੂੰ ਜੋੜ ਕੇ ਪ੍ਰਭੂ ਦੀ ਪ੍ਰਾਪਤੀ ਕਰਕੇ ਆਪਣਾ ਜੀਵਨ ਸਫਲਾ ਕੀਤਾ ਤੇ ਖ਼ਾਲਸ ਪਵਿੱਤਰ ਜੀਵਨ ਵਾਲੇ ਇਨਸਾਨ ਬਣੇ । ਸੋ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਮਰਯਾਦਾ : ਨਾਨਕ ਵੈਸਾਖੀ ਪ੍ਰਭੁ ਭਾਵੈ ਸੁਰਤਿ ਸਬਦਿ ਮਨੁ ਮਾਨਾ ॥੬॥

ਤੇ ਚਰਨ-ਪਾਹੁਲ ਦੀ ਮਰਯਾਦਾ ਨੂੰ ਨਵਾਂ ਰੂਪ ਦਿੱਤਾ ਭਾਵ ਗੁਰਸਿੱਖਾਂ ਦੇ ਅੰਦਰ ਪ੍ਰਭੂ ਦੇ ਸੱਚੇ ਨਾਮ ਦਾ ਪ੍ਰਕਾਸ਼ ਕਰਨ ਲਈ ਅਤੇ ਨਾਲ ਹੀ ਉਨ੍ਹਾਂ ਦੇ ਅੰਦਰ ਬੀਰ-ਰਸ ਪੈਦਾ ਕਰਨ ਲਈ ਭਾਵ ਗੁਰਸਿੱਖ ਨੂੰ ਸੰਤ-ਸਿਪਾਹੀ ਬਣਾਉਣ ਲਈ ਚਰਨ-ਪਾਹੁਲ ਨੂੰ ਖੰਡੇ ਦੀ ਪਾਹੁਲ ਦਾ ਰੂਪ ਦਿੱਤਾ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਟੇ ਦੇ ਅੰਦਰ ਪਵਿੱਤਰ ਜਲ ਪਾ ਕੇ ਖੰਡੇ ਦੀ ਰਗੜ ਨਾਲ ਅੰਮ੍ਰਿਤ ਤਿਆਰ ਕਰਨ ਲੱਗੇ, ਮਾਤਾ ਸਾਹਿਬ ਕੌਰ ਜੀ ਨੇ ਮਿੱਠੇ ਪਤਾਸੇ ਲਿਆ ਕੇ ਪਾਏ । ਇਸ ਵਿੱਚ ਮਿਠਾਸ ਵੀ ਭਰੀ ਤੇ ਪੰਜ ਬਾਣੀਆਂ ਦਾ ਉਚਾਰਨ ਕਰਕੇ ਇਸ ਵਿੱਚ ਪ੍ਰਭੂ ਦੇ ਨਾਮ ਦੀ ਸ਼ਕਤੀ ਨੂੰ ਜਲ ਵਿੱਚ ਸੰਜੋਇਆ । ਇਸ ਬਾਣੀ ਦੇ ਜਾਪ ਤੇ ਪ੍ਰਭੂ ਨਾਮ-ਸਿਮਰਨ ਨੇ ਮਨੁੱਖ ਦੀਆਂ ਸੁੱਤੀਆਂ ਹੋਈਆਂ ਕਲਾਂ ਨੂੰ ਜਗਾਉਣਾ ਹੈ, ਪਰ ਇਹ ਨਾਮ ਅੰਮ੍ਰਿਤ ਦੀ ਦਾਤ ਪਹਿਲੇ ਦਿਨ ਉਨ੍ਹਾਂ ਨੂੰ ਪ੍ਰਾਪਤ ਹੋਈ, ਜਿਨ੍ਹਾਂ ਨੇ 1699 ਈ: ਵੈਸਾਖੀ ਦੇ ਦਿਹਾੜੇ ਆਨੰਦਪੁਰ ਸਾਹਿਬ ਵਿਖੇ ਸੰਗਤਾਂ ਦੇ ਭਾਰੀ ਇਕੱਠ ਵਿੱਚੋਂ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਫੜੀ ਨੰਗੀ ਤਲਵਾਰ ਅੱਗੇ ਆਪਣੇ ਸੀਸ ਭੇਟ ਕੀਤੇ । ਉਹ ਸਨ ਪੰਜ ਪਿਆਰੇ : 1. ਭਾਈ ਦਇਆ ਰਾਮ ਜੀ ਖੱਤਰੀ, ਵਾਸੀ ਲਾਹੌਰ

2. ਭਾਈ ਧਰਮ ਸਿੰਘ ਜੀ ਜੱਟ, ਵਾਸੀ ਹਸਤਨਾਪੁਰ (ਦਿੱਲੀ)
3. ਭਾਈ ਹਿੰਮਤ ਰਾਏ ਜੀ ਝੀਵਰ, ਵਾਸੀ ਜਗਨਨਾਥਪੁਰੀ
4. ਭਾਈ ਮੁਹਕਮ ਚੰਦ ਜੀ ਛੀਂਬਾ, ਵਾਸੀ ਦੁਆਰਕਾ
5. ਭਾਈ ਸਾਹਿਬ ਚੰਦ ਜੀ ਨਾਈ, ਵਾਸੀ ਬਿਦਰ

ਭਾਵੇਂ ਇਹ ਸਮਾਜਿਕ ਤੌਰ ਤੇ ਪੱਛੜੀਆਂ ਹੋਈਆਂ ਵੱਖ-ਵੱਖ ਜਾਤਾਂ ਵਿੱਚੋਂ ਸਨ ਤੇ ਜਗਤ ਦੇ ਵੱਖ-ਵੱਖ ਸੂਬਿਆਂ ਵਿੱਚੋਂ ਸਨ । ਜਦੋਂ ਇਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅੱਗੇ ਆਪਾ ਸਮਰਪਣ ਕੀਤਾ ਤਾਂ ਇਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖੰਡੇ ਦੀ ਪਾਹੁਲ ਦੁਆਰਾ ਨਾਮ ਅੰਮ੍ਰਿਤ ਦੀ ਦਾਤ ਬਖਸ਼ੀ ।

ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ੨ ॥ ੧੧ ॥ ੨੪ ॥

ਦੀ ਸਮਰੱਥਾ ਵਾਲੇ ਸਤਿਗੁਰ ਨੇ ਉਨ੍ਹਾਂ ਨੂੰ ਨਵਾਂ ਜੀਵਨ ਬਖ਼ਸ਼ਿਆ ਅਤੇ ਪੰਜਾਂ ਪਿਆਰਿਆਂ ਨੂੰ ਆਪਣਾ ਸਰੂਪ ਬਖ਼ਸ਼ਿਆ । ਆਪਣੇ ਵਰਗੀ ਸ਼ਕਲ ਸੂਰਤ ਬਖ਼ਸ਼ੀ ਤੇ ਫਿਰ ਬਚਨ ਕੀਤਾ : ਇਹ ਪੰਚਨ ਮਹਿ ਮੇਰੋ ਬਾਸਾ ॥

ਇਨ੍ਹਾਂ ਪੰਜਾਂ ਪਿਆਰਿਆਂ ਤੇ ਮੇਰੇ ਵਿੱਚ ਕੋਈ ਫ਼ਰਕ ਨਹੀਂ ਹੈ । ਇਹ ਪੰਜ ਪਿਆਰੇ ਅਕਾਲ ਪੁਰਖ ਦੇ ਹੁਕਮ ਨਾਲ ਸਾਜਿਆ ਹੋਇਆ ਖ਼ਾਲਸਾ ਹੈ । ਉਨ੍ਹਾਂ ਦੇ ਆਪਣੇ ਬਚਨ ਹਨ : ਖ਼ਾਲਸਾ ਮੇਰੋ ਰੂਪ ਹੈ ਖਾਸ ॥ ਖ਼ਾਲਸੇ ਮਹਿ ਹਉ ਕਰਉ ਨਿਵਾਸ ॥

ਖ਼ਾਲਸਾ ਮੇਰੋ ਪਿੰਡ ਪਰਾਨ ॥ ਖ਼ਾਲਸਾ ਮੇਰੀ ਜਾਨ ਕੀ ਜਾਨ ॥

ਇਸ ਪ੍ਰਕਾਰ ਵੱਖ-ਵੱਖ ਜਾਤਾਂ ਦੇ ਭੇਦ-ਭਾਵ ਨੂੰ ਸਤਿਗੁਰ ਨੇ ਖ਼ਤਮ ਕਰ ਦਿੱਤਾ । ਕਿਸੇ ਵੀ ਜਾਤ ਵਿੱਚੋਂ ਜੋ ਗੁਰੂ ਦਾ ਹੁਕਮ ਮੰਨੇ ਤੇ ਖੰਡੇ ਦੀ ਪਾਹੁਲ ਛਕੇ, ਉਹ ਇਨਸਾਨ ਖ਼ਾਲਸਾ ਹੋ ਸਕਦਾ ਹੈ । ਇਸ ਵਿਚਾਰ ਨੂੰ ਪ੍ਰਪੱਕ ਕਰਨ ਦੇ ਲਈ ਗੋਬਿੰਦ ਰਾਏ ਜੀ ਨੇ ਉਨ੍ਹਾਂ ਪੰਜ ਪਿਆਰਿਆਂ ਦੇ ਅੱਗੇ ਹੱਥ ਜੋੜੇ ਤੇ ਮੰਗ ਕੀਤੀ । ਹੇ ਗੁਰੂ ਰੂਪ ਖ਼ਾਲਸਾ ਜੀਓ ! ਮੈਨੂੰ ਗੋਬਿੰਦ ਸਿੰਘ ਬਣ ਸਕਾਂ, ਤਾਂ ਪੰਜ ਪਿਆਰਿਆਂ ਨੇ ਸਰਬੰਸ ਵਾਰਨ ਦਾ ਬਚਨ ਮੰਨ ਕੇ ਖੰਡੇ ਦੀ ਪਾਹੁਲ ਬਖ਼ਸ਼ੀ । ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਸਿੱਖ ਚੇਲਿਆਂ ਨੂੰ ਗੁਰੂ ਸਥਾਪਨ ਕਰਕੇ ਆਪ ਸਿੱਖ ਚੇਲੇ ਬਣ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ । ਇਸੇ ਕਰਕੇ ਹੀ ਇਹ ਕਥਨ ਕੀਤਾ ਜਾਂਦਾ ਹੈ ।

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧॥

ਇਸ ਪ੍ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਆਪ ਖੰਡੇ ਦੀ ਪਾਹੁਲ ਲੈ ਕੇ ਇਹ ਮਰਯਾਦਾ ਕਾਇਮ ਕਰ ਦਿੱਤੀ ਕਿ ਹੁਣ ਤੋਂ ਕੋਈ ਇਕੱਲਾ ਵਿਅਕਤੀ ਕਿਸੇ ਨੂੰ ਵੀ ਖੰਡੇ ਦੀ ਪਾਹੁਲ, ਗੁਰਮੰਤਰ ਨਹੀਂ ਦੇ ਸਕਦਾ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਪਿਆਰੇ ਹੀ ਗੁਰੂ ਰੂਪ ਹੋ ਕੇ ਕਿਸੇ ਗੁਰਸਿੱਖ ਨੂੰ ਸਿੱਖੀ ਸਿਦਕ, ਖੰਡੇ ਦੀ ਪਾਹੁਲ ਤੇ ਨਾਮ ਮੰਤਰ ਦੀ ਦਾਤ ਦੇ ਸਕਦੇ ਹਨ, ਤੇ ਇਹ ਅੰਮ੍ਰਿਤ ਦੀ ਦਾਤ ਬਹੁਤੀ ਹੀ ਵਡਮੁੱਲੀ ਹੈ । ਸਾਨੂੰ ਪ੍ਰਚਾਰਕਾਂ ਨੂੰ ਜਬਰਦਸਤੀ ਕਿਸੇ ਨੂੰ ਅੰਮ੍ਰਿਤ ਨਹੀਂ ਛਕਾਉਣਾ ਚਾਹੀਦਾ । ਜਦੋਂ ਕੋਈ ਵਿਅਕਤੀ ਅੰਮ੍ਰਿਤਧਾਰੀ ਗੁਰਸਿੱਖ ਦੇ ਸੁਹਾਵਣੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਵਾਰ-ਵਾਰ ਅੰਮ੍ਰਿਤ ਛਕਣ ਦੇ ਤਰਲੇ ਲਵੇ ਤੇ ਗੁਰਮਤਿ ਰਹਿਤਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਦਾ ਪ੍ਰਣ ਦੇਵੇ ਤਾਂ ਉਸ ਨੂੰ ਪੰਜ ਪਿਆਰੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅੰਮ੍ਰਿਤ ਦੀ ਦਾਤ ਦੇ ਸਕਦੇ ਹਨ । ਇਸ ਪ੍ਰਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਵੈਸਾਖ ਦੇ ਮਹੀਨੇ ਦੀ ਬਾਣੀ ਤੋਂ ਉਪਦੇਸ਼ ਦਿੱਤਾ ਸੀ, 'ਨਾਨਕ ਵੈਸਾਖੀ ਪ੍ਰਭੁ ਭਾਵੈ ਸੁਰਤਿ ਸਬਦਿ ਮਨੁ ਮਾਨਾ ॥' ਹੁਣ ਦੇ ਉਪਦੇਸ਼ ਅਨੁਸਾਰ 1699 ਦੀ ਵੈਸਾਖੀ ਵਾਲੇ ਦਿਨ ਗੁਰੂ ਦੇ ਸ਼ਬਦ ਨੂੰ ਸੁਰਤ ਲਾ ਕੇ ਸੁਣਨ ਵਾਲੇ ਤੇ ਮਨ ਵਿੱਚ ਮੰਨਣ ਵਾਲਿਆਂ ਨੂੰ ਅਕਾਲ ਪੁਰਖ ਦੀ ਜੋਤ ਦੇ ਦਰਸ਼ਨ ਕਰਾ ਕੇ ਖ਼ਾਲਸਾ ਸਰੂਪ ਬਖ਼ਸ਼ਿਆ ਤੇ ਖ਼ਾਲਸੇ ਦੀ ਸਾਜਣਾ ਕੀਤੀ । ਹੁਣ ਵੀ ਜੋ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਜਾ ਕੇ ਸ਼ਬਦ ਸੁਰਤ ਦਾ ਮੇਲ ਕਰਨਗੇ, ਉਨ੍ਹਾਂ ਦੇ ਅੰਦਰ ਪਰਮਾਤਮਾ ਦੀ ਜੋਤ ਜਗੇਗੀ ਤੇ ਉਹ ਮਨੁੱਖ ਖ਼ਾਲਸ (ਪਵਿੱਤਰ) ਜਿਉਣ ਵਾਲੇ ਬਣ ਜਾਣਗੇ । ਖ਼ਾਲਸੇ ਦਾ ਨਿੱਤ ਕਰਮ ਤੇ ਪਛਾਣ ਇਹ ਹੈ :

ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥੧॥

ਹਰ ਗੁਰਸਿੱਖ ਨੂੰ ਖ਼ਾਲਸੇ ਦੀ ਜਨਮ ਭੂਮੀ ਆਨੰਦਪੁਰ ਸਾਹਿਬ ਦੇ ਦੀਦਾਰ ਕਰਨੇ ਚਾਹੀਦੇ ਹਨ ਤੇ ਗੁਰੂ ਸਾਹਿਬ ਵੱਲੋਂ ਦੱਸੀਆਂ ਹੋਈਆਂ ਰਹਿਤਾਂ ਨੂੰ ਆਪਣੇ ਜੀਵਨ ਵਿੱਚ ਅਪਨਾਈਏ । ਨਸ਼ੇ ਆਦਿ ਬੁਰਾਈਆਂ ਨੂੰ ਤਿਆਗ ਕੇ ਪੰਜ ਪਿਆਰੇ ਗੁਰੂ ਖ਼ਾਲਸੇ ਪਾਸੋਂ ਅੰਮ੍ਰਿਤ ਛਕ ਕੇ ਖ਼ਾਲਸਾ ਬਣੀਏ ਤੇ ਖ਼ਾਲਸੇ ਦੇ ਜਨਮ-ਦਿਨ ਦੀਆਂ ਵਧਾਈਆਂ ਨੂੰ ਪ੍ਰਾਪਤ ਕਰਨ ਦੇ ਯੋਗ ਹੋਈਏ ।

# ਮਹੰਤ ਭਾਈ ਗੁਲਾਬ ਸਿੰਘ ਜੀ

(ਸਵ: ਭਗਤ ਸਿੰਘ 'ਹੀਰਾ')

ਆਪ ਜੀ ਦਾ ਜਨਮ ਪਿੰਡ ਫ਼ਾਜਲ ਜ਼ਿਲ੍ਹਾ ਮੀਆਂਵਾਲੀ (ਹਾਲ ਪਾਕਿਸਤਾਨ) ਵਿੱਚ ਪਿਤਾ ਭਾਈ ਖ਼ਜ਼ਾਨ ਸਿੰਘ ਦੇ ਘਰ ਮਾਤਾ ਸੇਵਾ ਬਾਈ ਜੀ ਦੀ ਕੁੱਖੋਂ ਸੰਨ 1871 ਈ: ਸੰਮਤ 1928 ਬਿਕ੍ਰਮੀ ਵਿਚ ਹੋਇਆ ।

ਭਾਈ ਖ਼ਜ਼ਾਨ ਸਿੰਘ ਜੀ ਡੇਰੇ ਦੇ ਚੰਗੇ ਸ਼ਰਧਾਲੂ ਸਨ । ਆਪ ਮਾਲਵੇ ਦੇਸ਼ ਵਿਚ ਬਲਦਾਂ ਤੇ ਊਠਾਂ ਦਾ ਵਪਾਰ ਕਰਦੇ ਸਨ । ਇਕ ਵਾਰ ਮਹੰਤ ਲਖਮੀ ਦਾਸ ਜੀ ਦੇ ਦਰਸ਼ਨ ਕਰਨ ਲਈ ਨੂਰਪੁਰ ਆਏ । ਪਿੰਡ ਨੂੰ ਜਾਣ ਲੱਗਿਆਂ ਮਨ ਵਿੱਚ ਸੰਕਲਪ ਕੀਤਾ ਕਿ ਜੇਕਰ ਸਤਿਗੁਰੂ ਨੇ ਹੁਣ ਮੇਰੇ ਘਰ ਪੁੱਤਰ ਨੂੰ ਜਨਮ ਦਿੱਤਾ ਤਾਂ ਉਹ ਪੁੱਤਰ ਮੈਂ ਡੇਰੇ ਨੂੰ ਅਰਪਣ ਕਰਾਂਗਾ। ਵਾਹਿਗੁਰੂ ਜੀ ਦੀ ਕਰਨੀ ਐਸੀ ਹੋਈ ਕਿ ਇਸ ਤੋਂ ਪੂਰੇ ਇਕ ਮਹੀਨੇ ਮਗਰੋਂ ਹੀ ਉਸ ਦੇ ਘਰ ਇੱਕ ਬਾਲਕ ਨੇ ਜਨਮ ਲਿਆ । ਅਜੇ ਇਹ ਬਾਲਕ ਮਸਾਂ ਦੋ ਕੁ ਵਰ੍ਹਿਆਂ ਦਾ ਹੀ ਹੋਇਆ ਸੀ ਕਿ ਸ੍ਰ: ਖਜ਼ਾਨ ਸਿੰਘ ਜੀ ਦਾ ਅੰਤ ਸਮਾਂ ਆ ਗਿਆ । ਸ੍ਰ: ਖਜ਼ਾਨ ਸਿੰਘ ਜੀ ਨੇ ਆਪਣੀ ਘਰ ਵਾਲੀ ਤੇ ਆਪਣੇ ਵੱਡੇ ਭਰਾ ਦੇ ਪੁੱਤਰ ਭਾਈ ਨਿਧਾਨ ਸਿੰਘ ਨੂੰ ਬੁਲਾ ਕੇ ਆਖਿਆ, "ਮੈਂ ਗੁਲਾਬ ਸਿੰਘ ਨੂੰ ਟਿਕਾਣਾ ਭਾਈ ਜਗਤਾ ਜੀ ਸਾਹਿਬ (ਨੂਰਪੁਰ) ਵਿਚ ਚੜ੍ਹਾਨ ਦੀ ਮੰਨਤ ਮੰਨੀ ਹੋਈ ਹੈ । ਇਸ ਲਈ ਇਸ ਨੂੰ ਮਹੰਤ ਲਖਮੀ ਦਾਸ ਜੀ ਪਾਸ ਛੱਡ ਆਉਣਾ।" ਇੰਨਾ ਕਹਿਣ ਤੋਂ ਬਾਅਦ ਭਾਈ ਖ਼ਜ਼ਾਨ ਸਿੰਘ ਜੀ ਚੜ੍ਹਾਈ ਕਰ ਗਏ । ਜਦੋਂ ਬਾਲਕ ਦਸਾਂ ਸਾਲਾਂ ਦਾ ਹੋਇਆਂ ਤਾਂ ਨੂਰਪੁਰ ਪਹੁੰਚਾ ਦਿੱਤਾ ਗਿਆ ।

ਮਾਂ ਦਾ ਮੋਹ ਮਾਈ ਸੇਵਾ ਬਾਈ ਨੂੰ ਤੰਗ ਕਰਨ ਲੱਗਾ ਤੇ ਮੋਹ ਮਮਤਾ ਦੀ ਮਾਰੀ ਛੇ ਮਹੀਨੇ ਬਾਅਦ ਪੁੱਤਰ ਨੂੰ ਮੰਗਵਾ ਕੇ ਘਰ ਲੈ ਆਈ ਮੋਹ ਫਾਥੀ ਵਾਪਸ ਭੇਜਣ ਦਾ ਨਾਂ ਨਾ ਲਵੇ । ਆਖਰ ਅਤਿਸਾਰ ਦਾ ਰੋਗ ਲੱਗ ਗਿਆ, ਮਰਨ ਕੰਢੇ ਪਹੁੰਚ ਗਈ। ਬਚਣ ਦੀ ਕੋਈ ਉਮੀਦ ਨਾ ਰਹੀ। ਭਾਈ ਨਿਧਾਨ ਸਿੰਘ ਨੂੰ ਸੁਪਨਾ ਆਇਆ, "ਜੇ ਮਾਈ ਸੇਵਾ ਬਾਈ ਹਯਾਤੀ ਚਾਹੁੰਦੀ ਹੈ ਤਾਂ ਮੁੰਡੇ ਨੂੰ ਟਿਕਾਣੇ ਸਾਹਿਬ ਤੇ ਪਹੁੰਚਾ ਦੇਵੇ।" ਇਸ ਸੁਪਨੇ ਤੋਂ ਬਾਅਦ ਲੱਗਭੱਗ ਇੱਕ ਸਾਲ ਆਪਣੇ ਪਾਸ ਰੱਖਣ ਮਗਰੋਂ ਫਿਰ ਟਿਕਾਣਾ ਸਾਹਿਬ ਜਾ ਕੇ ਪਹੁੰਚਾ ਆਏ ।

ਮੋਹ ਤੇ ਮਾਂ ਦੀ ਮਮਤਾ ਵੀ ਇਕ ਤਿੱਖਾ ਤੀਰ ਹੈ । ਮਾਂ ਦੇ ਮਨ ਵਿੱਚ ਇਕ ਐਸੀ ਖ਼ਲਸ ਪੈਦਾ ਕਰ ਦਿੰਦੀ ਹੈ ਜੋ ਪੁੱਤਰ ਦੇ ਵਸਲ ਬਿਨਾਂ ਠੰਢੀ ਨਹੀਂ ਹੁੰਦੀ । ਇਹੀ ਹਾਲਤ ਮਾਤਾ ਸੇਵਾ ਬਾਈ ਦੀ ਸੀ । ਥੋੜ੍ਹੀ ਦੇਰ ਬਾਅਦ ਪੁੱਤਰ ਵਿਛੋੜੇ ਦੀ ਖ਼ਲਸ ਉਸ ਨੂੰ ਬਿਹਬਲ ਕਰ ਦਿੰਦੀ ਤੇ ਕਿਸੇ ਬਹਾਨੇ ਉਸ ਨੂੰ ਘਰ ਲੈ ਆਂਦੀ ਫਿਰ ਨੀਅਤ ਵਿਚ ਫ਼ਰਕ ਪੈ ਜਾਣ ਤੇ ਬੀਮਾਰ ਪੈ ਜਾਂਦੀ । ਫਿਰ ਬੱਚੇ ਨੂੰ ਨੂਰਪੁਰ ਪਹੁੰਚਣਾ ਪੈਂਦਾ। ਇਸ ਤਰ੍ਹਾਂ ਉਸ ਨੇ ਦੋ ਤਿੰਨ ਵਾਰ ਕੀਤਾ ਪਰ ਆਖ਼ਰ ਦਿਲ ਤੇ ਪੱਥਰ ਰੱਖਣਾ ਹੀ ਪਿਆ ਤੇ ਤੇਰ੍ਹਾਂ ਸਾਲ ਦੀ ਉਮਰ ਵਿੱਚ ਉਸ ਨੇ ਪੁੱਤਰ ਨੂੰ ਪੱਕੇ ਤੌਰ ਤੇ ਡੇਰੇ ਨੂੰ ਸੌਂਪ ਦਿੱਤਾ ।

ਭਾਈ ਗੁਲਾਬ ਸਿੰਘ ਨੇ ਪਸ਼ੂਆਂ ਦੇ ਵਾੜੇ ਵਿੱਚੋਂ ਗੋਹਾ ਇਕੱਠਾ ਕਰਨ ਤੇ ਥੱਪਣ

ਦੀ ਸੇਵਾ ਸੰਭਾਲੀ । ਇਹ ਆਪਣੀ ਸੇਵਾ ਨੂੰ ਬੜੀ ਮਸਤੀ ਤੇ ਮਗਨਤਾ ਨਾਲ ਕਰਦੇ ਸਨ । ਮਹੰਤ ਭਾਈ ਲਖਮੀ ਦਾਸ ਜੀ ਨੂੰ ਇਨ੍ਹਾਂ ਦੀ ਇਸ ਅਲਮਸਤ ਅਵਸਥਾ ਦਾ ਪਤਾ ਸੀ । ਇਹ ਆਪਣੀ ਸਰੀਰਕ ਕਿਰਿਆ ਵੱਲੋਂ ਇਤਨੇ ਲਾਪਰਵਾਹ ਸਨ ਕਿ ਮਾਈਆਂ ਮਹੀਨੇ-ਮਹੀਨੇ ਮਗਰੋਂ ਇਨ੍ਹਾਂ ਨੂੰ ਖਿੱਚ ਧੂਹ ਕੇ ਕੇਸੀ ਇਸ਼ਨਾਨ ਕਰਾਉਂਦੀਆਂ ਤੇ ਜੂੰਆਂ ਕੱਢਦੀਆਂ ਸਨ । ਆਪ ਆਪਣੀ ਸੇਵਾ ਵਿਚ ਸਦਾ ਮਸਤ ਰਹਿੰਦੇ । ਸੇਵਾ ਕਰਦਿਆਂ ਇਨ੍ਹਾਂ ਦੀ ਰਸਨਾ ਆਪ ਮੁਹਾਰੀ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੀ ਰਹਿੰਦੀ ਸੀ । ਮਹੰਤ ਲਖਮੀ ਦਾਸ ਜੀ ਨੇ ਅਨੁਭਵ ਕੀਤਾ ਕਿ ਉਨ੍ਹਾਂ ਦਾ ਅੰਤ ਸਮਾਂ ਨੇੜੇ ਆ ਰਿਹਾ ਹੈ । ਉਨ੍ਹਾਂ ਮਹੰਤ ਭਗਤ ਸਿੰਘ ਜੀ ਨੂੰ ਬੁਲਾਇਆ ਤੇ ਉਨ੍ਹਾਂ ਨਾਲ ਮਸ਼ਵਰਾ ਕਰਕੇ ਤੇ ਪੰਚਾਇਤ ਦੀ ਸਲਾਹ ਲੈਣ ਮਗਰੋਂ, ਗੋਹਾ ਥੱਪਦੇ ਭਾਈ ਗੁਲਾਬ ਸਿੰਘ ਜੀ ਨੂੰ ਪਸ਼ੂਆ ਦੇ ਵਾੜੇ ਵਿੱਚੋਂ ਬੁਲਾਇਆ । ਇਸ਼ਨਾਨ ਕਰਵਾਇਆ, ਸਾਫ-ਸੁਥਰੇ ਬਸਤਰ ਪਵਾਏ ਤੇ ਦਸਤਾਰਬੰਦੀ ਦੀ ਰਸਮ ਅਦਾ ਕਰਕੇ ਡੇਰੇ ਦੀ ਸੇਵਾ-ਸੰਭਾਲ ਸੌਂਪ ਦਿੱਤੀ । ਇਹ ਘਟਨਾ ਅੱਸੂ ਸੰਮਤ 1964 ਦੀ ਹੈ । ਇਸ ਤੋਂ ਤਕਰੀਬਨ ਇਕ ਮਹੀਨੇ ਮਗਰੋਂ ਕੱਤਕ ਸੰਮਤ 1964 ਵਿੱਚ ਮਹੰਤ ਭਾਈ ਲਖਮੀ ਦਾਸ ਜੀ ਨੇ ਸਰੀਰਕ ਚੋਲਾ ਛੱਡ ਦਿੱਤਾ ।

ਜਦ ਆਪ ਜੀ ਡੇਰੇ ਦੀ ਸੇਵਾ ਲਈ ਉਸ ਵੇਲੇ ਡੇਰੇ ਤੇ ਤਿੰਨ ਹਜ਼ਾਰ ਰੁਪਏ ਦਾ ਕਰਜ਼ਾ ਸੀ । ਲੈਣਦਾਰ ਭਾਈ ਸਾਹਿਬ ਤੋਂ ਕਰਜਾ ਵਸੂਲ ਕਰਨ ਲਈ ਆਏ ਤੇ ਕਈ ਤਰ੍ਹਾਂ ਦੇ ਰੋਹਬ ਪਾਣ ਲੱਗੇ । ਭਾਈ ਜੀ ਨੇ ਕਿਹਾ, "ਆਖਰ ਤੁਸਾਂ ਪੈਸਾ ਹੀ ਲੈਣਾ ਹੈ ਨਾ, ਐਵੇਂ ਫੋਕਾ ਰੋਹਬ ਕਾਹਨੂੰ ਛਾਂਟਦੇ ਹੋ ।" ਭਾਈ ਸਾਹਿਬ ਨੇ ਭਾਈ ਜਗਤਾ ਜੀ ਦੀ ਸਮਾਧ ਤੇ ਜਾ ਕੇ ਅਰਦਾਸ ਕੀਤੀ ਤੇ ਡੇਰੇ ਦਾ ਕੰਮ ਚਲਾਣ ਲਈ ਮਾਇਆ ਮੰਗੀ । ਅਰਦਾਸ ਕਰਕੇ ਜਦ ਆਪਣੇ ਕਮਰੇ ਵਿੱਚ ਆਏ ਤਾਂ ਵੇਖਿਆ ਕਿ ਉਨ੍ਹਾਂ ਦੀ ਮੰਜੀ ਹੇਠ ਇੱਕ ਘੜਾ ਪਿਆ ਹੋਇਆ ਸੀ ਜਿਸ ਵਿੱਚ ਕੌਡੀਆਂ ਸਨ ਪਰ ਹੁਣ ਉਹ ਰੁਪਈਆਂ ਨਾਲ ਭਰਿਆ ਪਿਆ ਸੀ ।

ਉਸ ਦਿਨ ਤੋਂ ਬਾਅਦ ਉਨ੍ਹਾਂ ਨੂੰ ਮਾਇਆ ਦੀ ਕਦੇ ਵੀ ਥੁੜ੍ਹ ਨਹੀਂ ਰਹੀ । ਹਰ ਪਾਸਿਉਂ ਲੱਛਮੀ ਛਹਿਬਰ ਲਾ ਕੇ ਵਸੀ ।

ਥੋੜ੍ਹੇ ਦਿਨਾਂ ਵਿੱਚ ਹੀ ਕੱਚੇ ਕੋਠੇ ਪੱਕੇ ਮਕਾਨਾਂ ਵਿੱਚ ਬਦਲ ਗਏ, ਰਿਹਾਇਸ਼ੀ ਮਕਾਨ ਬਣ ਗਏ । ਹਰਿਮੰਦਰ ਦੀ ਉਸਾਰੀ ਬਹੁਤ ਆਲੀਸ਼ਾਨ ਢੰਗ ਨਾਲ ਕੀਤੀ ਗਈ । ਹੋਰ ਕਈ ਇਮਾਰਤਾਂ ਬਣਵਾਈਆਂ, ਸਾਧਾਂ ਲਈ ਕੋਠੜੀਆਂ ਤੇ ਚੁਬਾਰੇ, ਸੰਗਤਾਂ ਲਈ ਸਰਾਵਾਂ, ਮਾਲ-ਡੰਗਰ ਲਈ ਵੱਖਰੇ ਅਸਥਾਨ ਬਣਵਾਏ। ਗੱਲ ਕੀ ਸਾਰੇ ਟਿਕਾਣੇ ਦੀ ਤਾਮੀਰ (ਉਸਾਰੀ) ਨਵੇਂ ਸਿਰਿਉਂ ਕਰਵਾਈ ।

ਸਾਧ ਵਾਲੇ ਪਿੰਡ ਵਿੱਚ ਟਿਕਾਣੇ ਦੇ ਨਾਂ ਤੇ ਬਹੁਤ ਸਾਰੀ ਜ਼ਮੀਨ ਖਰੀਦੀ । ਲਾਇਲਪੁਰ ਵਿੱਚ ਵੀ ਇਕ ਆਲੀਸ਼ਾਨ ਮਕਾਨ ਟਿਕਾਣੇ ਦੇ ਨਾਂ ਤੇ ਖਰੀਦਿਆ ।

ਮਿਠੇ ਟਿਵਾਣੇ ਦਾ ਸਕੂਲ ਤੇ ਗੁਰਦੁਆਰਾ ਮੋਹਨਪੁਰ ਦੀ ਵਿੱਤੋਂ ਬਾਹਰੀ ਸੇਵਾ ਕੀਤੀ। ਸ੍ਰੀ ਨਨਕਾਣਾ ਸਾਹਿਬ ਮਿੱਠਿਆਂ ਵਾਲੇ ਮਹੰਤਾਂ ਦੇ ਅਸਥਾਨ ਤੇ ਇਕ ਸੁੰਦਰ ਚੁਬਾਰਾ ਪਾਇਆ। ਸ੍ਰੀ ਅੰਮ੍ਰਿਤਸਰ ਵੀ ਮਹੰਤ ਸਾਹਿਬਾਂ ਦੇ ਅਸਥਾਨ ਤੇ ਕਮਰਾ ਪਵਾਇਆ।

ਆਪ ਦਾ ਪਹਿਰਾਵਾ ਪੁਰਾਣਾ ਸੰਤਾਂ ਵਾਲਾ ਤੇ ਬੜਾ ਸਾਦਾ ਹੁੰਦਾ ਸੀ । ਸਖਾਵਤ

ਦੇ ਪੁਤਲੇ ਸਨ । ਕਦੇ ਕਿਸੇ ਲੋੜਵੰਦ ਨੂੰ ਉਨ੍ਹਾਂ ਨਿਰਾਸ਼ ਕਰਕੇ ਨਹੀਂ ਸੀ ਭੇਜਿਆ । ਜੋ ਆਸਾਂ ਧਾਰ ਕੇ ਆਇਆ ਆਪ ਨੇ ਉਸ ਦੀਆਂ ਆਸਾਂ ਪੂਰੀਆਂ ਕੀਤੀਆਂ, ਮਲਾਲ ਤਾਂ ਉਹਨਾਂ ਦੇ ਚਿਹਰੇ ਦੇ ਕਦੇ ਨੇੜੇ ਨਹੀਂ ਸੀ ਢੁੱਕਾ । ਜਿਸ ਕਿਸੇ ਨੇ ਉਨ੍ਹਾਂ ਨੂੰ ਚੜ੍ਹਦੀਕਲਾ ਵਿੱਚ ਵੇਖਿਆ । ਜਮਾਲ ਤੇ ਜਲਾਲ ਉਨ੍ਹਾਂ ਨੂੰ ਵਿਰਸੇ ਵਿੱਚ ਮਿਲਿਆ ਹੋਇਆ ਸੀ ।

ਹਰ ਕੋਈ ਇਹੋ ਸਮਝਦਾ ਸੀ ਕਿ ਉਸ ਦੇ ਆਪਣੇ ਹਨ । ਬੇਗਾਨਾਪਨ ਤਾਂ ਉਨ੍ਹਾਂ ਵਿੱਚ ਉੱਕਾ ਹੀ ਨਹੀਂ ਸੀ । ਗੱਲ ਕੀ ਉਹ ਹਰ ਕਿਸੇ ਨੂੰ ਮਿਹਰਵਾਨ ਤੇ ਪਾਲਣਹਾਰ ਮਾਤਾ ਪਿਤਾ ਦੇ ਸਮਾਨ ਹੀ ਜਾਪਦੇ ਸਨ ।

ਜਿੱਥੇ ਉਹ ਧੀਰਜਵਾਨ, ਸਹਿਨਸ਼ੀਲ ਤੇ ਉਦਾਰ-ਚਿੱਤ ਸਨ ਉਥੇ ਹੀ ਉਹ ਜਤੀ ਸਤੀ, ਸੰਤੋਖੀ, ਦਾਨੀ, ਸਤਵਾਦੀ ਤੇ ਪੂਰਨ ਨਿੱਤ-ਨੇਮੀ ਸਨ, ਉਨ੍ਹਾਂ ਆਪਣੇ ਹੁਕਮ ਨਾਲ ਕਈ ਸਹਿਜਧਾਰੀਆਂ ਪਾਸੋਂ ਕੇਸ ਰਖਵਾਏ ਤੇ ਸਿੰਘ ਸਜਾਇਆ ਸੀ। ਆਪਣੇ ਸਮੇਂ ਵਿੱਚ ਉਨ੍ਹਾਂ ਹਜ਼ਾਰਾਂ ਦੀ ਗਿਣਤੀ ਵਿੱਚ ਖੰਡੇ ਦਾ ਅੰਮ੍ਰਿਤ ਛਕਵਾ ਕੇ ਸਿੰਘ ਸਜਾਏ। ਹਰ ਕੋਈ ਉਨ੍ਹਾਂ ਦੇ ਹੁਕਮ ਦੀ ਪਾਲਣਾ ਵਿੱਚ ਆਪਣੇ ਧੰਨ ਭਾਗ ਸਮਝਦਾ ਸੀ। ਉਹਨਾਂ ਦੀਆਂ ਜੀਵਨ ਝਲਕੀਆਂ ਤਾਂ ਅਨੇਕ ਹਨ ਪਰ ਵੰਨਗੀ ਮਾਤਰ ਇਥੇ ਇਕ ਦੋ ਦਾ ਹੀ ਜ਼ਿਕਰ ਕੀਤਾ ਜਾ ਸਕਦਾ ਹੈ ।

ਨੂਰਪੁਰ ਦਾ ਸ੍ਰ: ਮੋਹਨ ਸਿੰਘ ਕਿਸੇ ਕਾਰਨ ਆਪ ਜੀ ਦਾ ਵਿਰੋਧੀ ਹੋ ਗਿਆ। ਉਸ ਨੇ ਕਈ ਲੋਕਾਂ ਨੂੰ ਵਰਗਲਾ ਕੇ ਆਪਣੇ ਪਿੱਛੇ ਲਾਉਣ ਦਾ ਯਤਨ ਕੀਤਾ। ਵਿਰੋਧੀ ਇਸ਼ਤਿਹਾਰਬਾਜ਼ੀ ਕੀਤੀ, ਜਲਸੇ ਕੀਤੇ ਤੇ ਨੰਗੀਆਂ ਗਾਲ੍ਹਾਂ ਕੱਢੀਆਂ ਪਰ ਆਪ ਉਸ ਦੇ ਕੋਝੇ ਪ੍ਰਚਾਰ ਵੱਲੋਂ ਕਤਈ ਲਾਪਰਵਾਹ ਰਹੇ । ਬਦਕਿਸਮਤੀ ਨਾਲ ਉਸ ਦਾ 18 ਸਾਲਾਂ ਦਾ ਨੌਜਵਾਨ ਪੁੱਤਰ ਅਕਾਲ ਚਲਾਣਾ ਕਰ ਗਿਆ । ਉਥੋਂ ਦੇ ਰਸਮ-ਰਿਵਾਜ ਮੁਤਾਬਿਕ ਉਸ ਦੇ ਮੁਰਦਾ ਸਰੀਰ ਦਾ ਭਾਵ ਅਰਥੀ ਨੂੰ ਭਾਈ ਜਗਤਾ ਜੀ ਦੀ ਸਮਾਧ ਤੇ ਮੱਥਾ ਟਿਕਵਾਉਣਾ ਤੇ ਸਿਰੋਪਾਓ ਪਵਾਉਣਾ ਸੀ ਜੋ ਕੀਤਾ ਗਿਆ । ਸਿਰੋਪਾ ਕੋਈ ਵੀ ਡੇਰੇ ਦਾ ਸੇਵਾਦਾਰ ਪਾ ਸਕਦਾ ਸੀ ਪਰ ਭਾਈ ਸਾਹਿਬ ਆਪ ਹਾਜ਼ਰ ਹੋਏ ਤੇ ਸਤਿਕਾਰ ਨਾਲ ਸਿਰੋਪਾ ਦਿੱਤਾ।

ਇਸ ਨਿਰਵੈਰ ਵਤੀਰੇ ਨੂੰ ਵੇਖ ਕੇ ਸ੍ਰ: ਮੋਹਨ ਸਿੰਘ ਦਾ ਮਨ ਪਸੀਜ ਗਿਆ ਉਹ ਭਾਈ ਸਾਹਿਬ ਦੇ ਚਰਨਾਂ ਤੇ ਡਿੱਗ ਪਿਆ । ਪਛਤਾਵਾ ਕੀਤਾ ਤੇ ਪਿੱਛੇ ਹੋਈ ਦੀ ਖਿਮਾ ਮੰਗੀ । ਹੁਣ ਉਹ ਵੈਰ-ਵਿਰੋਧ ਭੁੱਲਾ ਕੇ ਆਪ ਜੀ ਦਾ ਅਨਿੰਨ ਸੇਵਕ ਬਣ ਗਿਆ।

ਲੰਗਰ ਵਿੱਚ ਇੱਕ ਦਿਨ ਲੱਗਭੱਗ ਸਾਰੇ ਡੇਰੇ ਵਿੱਚ ਰਹਿਣ ਵਾਲੇ ਲੋਕ ਮੌਜੂਦ ਸਨ । ਉਨ੍ਹਾਂ ਨੇ ਇਕ ਮਟਕੇ ਵਿੱਚ ਕਾਲਾ ਨਾਗ ਸ਼ੂਕਦਾ ਵੇਖਿਆ । ਭੈ-ਭੀਤ ਹੋਏ ਲੋਕ ਸੱਪ-ਸੱਪ ਦਾ ਰੌਲਾ ਪਾਉਣ ਲੱਗ ਪਏ। ਰੌਲਾ ਤਾਂ ਬੜਾ ਪਵੇ ਪਰ ਅੱਗੇ ਕੋਈ ਨਾ ਹੋਵੇ । ਸੱਪ ਆਪਣੀ ਥਾਂ ਤੇ ਚੋਕੰਨਾ ਹੋ ਕੇ ਸ਼ੂਕੀ ਜਾਵੇ । ਸ਼ੋਰ ਸੁਣ ਕੇ ਮਹੰਤ ਸਾਹਿਬ ਵੀ ਉਥੇ ਆ ਗਏ ਕਹਿਣ ਲੱਗੇ, "ਕਿਉਂ ਮੁਫ਼ਤ ਦੀ ਖੱਪ ਪਾਈ ਹੋਈ ਜੇ । ਐਵੇਂ ਕੋਈ ਕਾਲੀ ਰੱਸੀ ਹੋਵੇਗੀ।" ਫੇਰ ਜਾ ਮਟਕੇ ਵਿਚ ਹੱਥ ਪਾਇਆ ਤੇ ਰੱਸੀ ਬਾਹਰ ਕੱਢ ਕੇ ਸੁੱਟ ਦਿੱਤੀ ।

ਗੋਹਰ ਵਾਲੇ ਪਿੰਡ ਵਿੱਚ ਲੰਗਰ ਲਈ ਲੱਕੜਾਂ ਵੱਢ ਕੇ ਲਿਆਉਂਦੇ ਸਨ । ਪਿੰਡ ਦਾ ਮੁਸਲਮਾਨ ਨੰਬਰਦਾਰ ਕਹਿਣ ਲੱਗਾ, "ਸਿੱਖੋ ! ਤੁਹਾਡੇ ਪੀਰ ਨੂੰ ਮੈਂ ਤਦ ਮੰਨਾਂਗਾ

ਜੇਕਰ ਉਹ ਮੇਰੀ ਕਾਮਨਾ ਪੂਰੀ ਕਰ ਦੇਵੇ ।'' ਉਹ ਸੰਤਾਨਹੀਣ ਸੀ ਤੇ ਇਕ ਪੁੱਤਰ ਦੀ ਦਾਤ ਲੈਣਾ ਚਾਹੁੰਦਾ ਸੀ । ਸਿੱਖਾਂ ਨੇ ਕਿਹਾ, ''ਤੂੰ ਦਰੌਸ਼ਨ ਤੇ ਜਾ ਕਰ, ਮੁਰਾਦ ਵੀ ਪੂਰੀ ਹੋ ਜਾਵੇਗੀ ।''

ਇਕ ਦਿਨ ਉਸ ਨੇ ਨੂਰਪੁਰ ਪੁੱਜ ਕੇ ਮਹੰਤ ਸਾਹਿਬ ਨੂੰ ਮੱਥਾ ਟੇਕਿਆ । ਮਹੰਤ ਸਾਹਿਬ ਬੋਲੇ, ''ਆ ਬਈ ਨੰਬਰਦਾਰਾ, ਆ ਗਿਆ ਹੈਂ ਨਾ ਆਖ਼ਰ ।'' ਫੇਰ ਪਿੱਠ ਤੇ ਜ਼ੋਰ ਨਾਲ ਦੋ ਥਾਪੜੇ ਦਿੱਤੇ ਤੇ ਆਖਿਆ, ''ਜਾਹ ਤੈਨੂੰ ਰੱਬ ਦੋ ਪੁੱਤਰ ਦੇਵੇਗਾ ਪਰ ਫ਼ਕੀਰਾਂ ਨੂੰ ਅਜ਼ਮਾਉਣਾ ਚੰਗਾ ਨਹੀਂ ਹੁੰਦਾ ।''

ਸਮਾਂ ਪਾ ਕੇ ਉਸ ਦੇ ਘਰ ਦੋ ਪੁੱਤਰ ਹੋਏ । ਉਹ ਪਾਕਿਸਤਾਨ ਬਣਨ ਤੱਕ ਹਰ ਸਾਲ ਯੱਗ-ਸਮਾਗਮ ਉੱਤੇ ਆਪਣੇ ਪੁੱਤਰਾਂ ਨੂੰ ਨਾਲ ਲੈ ਕੇ ਆਉਂਦਾ ਰਿਹਾ । ਸਾਨੂੰ ਇਸ ਤੋਂ ਮਗਰੋਂ ਦਾ ਪਤਾ ਨਹੀਂ, ਸ਼ਾਇਦ ਹੁਣ ਵੀ ਆਉਂਦਾ ਹੋਵੇ ।

ਸੰਨ 1935 ਵਿਚ ਉਨ੍ਹਾਂ ਦੀ ਖੱਬੀ ਲੱਤ ਤੇ ਡਾਇਬੈਟਿਕ ਕਾਰਬੰਕਲ ਨਿਕਲ ਆਇਆ । ਇਸ ਦਾ ਇਲਾਜ ਲਾਇਲਪੁਰ (ਪਾਕਿਸਤਾਨ) ਵਿੱਚ ਡਾਕਟਰ ਫੌਜਾ ਸਿੰਘ, ਡਾਕਟਰ ਕ੍ਰਿਸ਼ਨ ਸਿੰਘ ਤੇ ਡਾਕਟਰ ਰਾਜਿੰਦਰ ਸਿੰਘ ਜੀ ਨੇ ਰਲ ਕੇ ਕੀਤਾ। ਉਪਰੇਸ਼ਨ ਕਰਨਾ ਸੀ । ਬੋਤਲ ਸੁੰਘਾ ਕੇ ਬੇਹੋਸ਼ ਕਰਨ ਦਾ ਵਿਚਾਰ ਕਰ ਰਹੇ ਸਨ, ਪਰ ਮਹੰਤ ਸਾਹਿਬ ਨੇ ਵਰਜ ਦਿੱਤਾ ਕਹਿਣ ਲੱਗੇ ''ਬੋਤਲ ਸੁੰਘਾਣ ਦੀ ਲੋੜ ਨਹੀਂ, ਇਹ ਲੱਤ ਪਈ ਹੈ ਤੁਸੀਂ ਜੋ ਚੀਰ-ਫਾੜ ਕਰਨੀ ਹੈ ਕਰ ਲਵੋ । ਜੇਕਰ ਮੇਰੇ ਮੂੰਹੋਂ ਹਾਏ ਜਾਂ ਸੀ ਨਿਕਲੀ ਤਾਂ ਮੈਨੂੰ ਸਾਧ ਨਾ ਕਹਿਣਾ ।'' ਬਿਨਾਂ ਬੋਤਲ ਸੁੰਘਾਏ ਜਾਂ ਬੇਹੋਸ਼ ਕੀਤੇ 9 ਇੰਚ ਲੰਬਾ ਤੇ ਢਾਈ ਇੰਚ ਚੌੜਾ ਉਪਰੇਸ਼ਨ ਹੋਇਆ । ਜ਼ਖ਼ਮ ਤੇ ਪੱਟੀ ਬੱਝ ਗਈ ਪਰ ਉਫ ਨਾ ਕੀਤੀ । ਸਾਰਾ ਸਮਾਂ ਆਪ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ ।

ਸੰਨ 1942 ਈ. ਵਿਚ ਆਪ ਮਾਲਵੇ ਦੇਸ਼ ਵਿਚ ਆਏ ਤੇ ਲੱਖੀ-ਜੰਗਲ ਵਿੱਚ ਕਿਆਮ ਕੀਤਾ । ਲੋਕਾਂ ਨੇ ਬੇਨਤੀ ਕੀਤੀ ''ਮਹਾਰਾਜ ਇਸ ਇਲਾਕੇ ਵਿੱਚ ਵੀ ਸਿੱਖੀ ਸਿੰਚਾਰ ਕਰਨ ਦੀ ਲੋੜ ਹੈ । ਇੱਥੇ ਵੀ ਨਾਮ, ਬਾਣੀ ਤੇ ਸੇਵਾ ਦਾ ਪਰਵਾਹ ਚੱਲਣਾ ਚਾਹੀਦਾ ਹੈ । ਇਧਰ ਵੀ ਡੇਰੇ ਦੀ ਕੋਈ ਸ਼ਾਖਾ ਕਾਇਮ ਕਰੋ ।

ਹੱਸ ਕੇ ਕਹਿਣ ਲੱਗੇ, ''ਸ਼ਾਖਾ ਕੀ ਖੋਲ੍ਹਣੀ ਹੈ, ਡੇਰਾ ਹੀ ਬਣੇਗਾ ।''

ਉਨ੍ਹਾਂ ਦੀ ਇਹ ਭਵਿੱਖ-ਬਾਣੀ ਦੀ ਪੂਰਤੀ ਅੱਜ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ ਤੋਂ ਪ੍ਰਤੱਖ ਹੈ ।

ਸੰਨ 1940 ਈ: ਦੀ ਗੱਲ ਹੈ, ਮੌਜੂਦਾ ਮਹੰਤ ਸਾਹਿਬ ਭਾਈ ਤੀਰਥ ਸਿੰਘ ਜੀ, ਜੋ ਉਸ ਸਮੇਂ ਕੋਈ ਪੰਦਰਾਂ ਕੁ ਸਾਲ ਦੇ ਸਨ, ਕੇਸੀ ਇਸ਼ਨਾਨ ਕਰਕੇ ਇਕ ਪੀੜ੍ਹੀ ਤੇ ਬੈਠੇ ਇਕ ਪਰਾਂਤ ਵਿਚ ਪਏ ਸਾਬਣ ਘੁਲੇ ਪਾਣੀ ਵਿਚ ਪੈਰ ਡੋਬ ਕੇ ਝਾਵੇਂ ਨਾਲ ਪੈਰਾਂ ਦੀ ਮੈਲ ਉਤਾਰ ਰਹੇ ਸਨ। ਨੰਬਰਦਾਰ ਤੇ ਜੈਲਦਾਰ ਸ੍ਰ: ਜਵਾਹਰ ਸਿੰਘ ਆਏ ਤੇ ਚਰਨ-ਬੰਦਨਾ ਕਰਕੇ ਮਹੰਤ ਸਾਹਿਬ ਪਾਸ ਬੈਠ ਗਏ ਤੇ ਕਹਿਣ ਲੱਗੇ, ''ਡੇਰੇ ਦਾ ਕਾਰੋਬਾਰ ਤੇ ਪਸਾਰਾ ਹੁਣ ਬਹੁਤ ਵੱਧ ਗਿਆ ਹੈ। ਸਮਾਂ ਮੰਗ ਕਰ ਰਿਹਾ ਹੈ ਕਿ ਹੁਣ ਤੁਹਾਡਾ ਚੇਲਾ ਕੋਈ ਚੰਗਾ ਪੜ੍ਹਿਆ ਲਿਖਿਆ ਹੋਵੇ ਤੇ ਡੇਰੇ ਦਾ ਕਾਰੋਬਾਰ ਚੰਗੀ ਤਰ੍ਹਾਂ ਸੰਭਾਲ ਸਕੇ ।''

ਮਹੰਤ ਸਾਹਿਬ ਮੁਸਕਰਾ ਕੇ ਕਹਿਣ ਲੱਗੇ, "ਪੜ੍ਹਾਈਏ ਕਿਸ ਨੂੰ ?" ਨੰਬਰਦਾਰ ਕਹਿਣ ਲੱਗਾ, "ਅਹਿ ਮੁੰਡਾ ਜੋ ਤੁਹਾਡੇ ਕੋਲ ਬੈਠਾ ਸੇਵਾ ਕਰ ਰਿਹਾ ਹੈ ਇਸਨੂੰ ਪੜ੍ਹਾਉ।" ਕਹਿਣ ਲੱਗੇ, "ਆਪੇ ਪੜ੍ਹ ਜਾਵੇਗਾ" ਨੰਬਰਦਾਰ ਨੇ ਫਿਰ ਕਿਹਾ, "ਅੰਗਰੇਜ਼ੀ ਵੀ ਪੜ੍ਹਾਉ। ਸਮਾਂ ਮੰਗ ਕਰਦਾ ਹੈ" ਬੋਲੇ, "ਅੰਗਰੇਜ਼ੀ ਵੀ ਪੜ੍ਹ ਜਾਵੇਗਾ ।" ਉਨ੍ਹਾਂ ਇਹ ਵੀ ਆਖਿਆ ਕਿ ਉਹ ਹੁਣ ਸਕੂਲ ਕਾਲਜ ਤੇ ਹਸਪਤਾਲ ਬਣਾਨ ਵੱਲ ਧਿਆਨ ਦੇਣ। ਮਹੰਤ ਸਾਹਿਬ ਨੇ ਉੱਤਰ ਦਿੱਤਾ, ਸਾਥੋਂ ਤਾਂ ਚੱਲ ਨਹੀਂ ਸਕਣੇ ਇਹ ਚਲਾਏਗਾ ।"

ਇਹ ਭਵਿੱਖ-ਬਾਣੀ ਇੰਨ-ਬਿੰਨ ਪ੍ਰਤੱਖ ਹੋ ਚੁੱਕੀ ਹੈ ਤੇ ਇਸ ਵੇਲੇ ਡੇਰੇ ਵਿੱਚ ਇਹ ਤਿੰਨੇ ਚੀਜ਼ਾਂ ਤੇ ਹੋਰ ਵੀ ਕਈ ਕੁਝ ਸਫਲਤਾ ਨਾਲ ਚੱਲ ਰਿਹਾ ਹੈ ।

ਦੱਸਣਯੋਗ ਤਾਂ ਹੋਰ ਵੀ ਕਈ ਕੁਝ ਹੈ ਪਰ ਇਸ ਲੇਖ ਵਿੱਚ ਬਹੁਤ ਕੁਝ ਦੱਸਣ ਦੀ ਗੁੰਜਾਇਸ਼ ਨਹੀਂ । ਭਾਈ ਸਾਹਿਬ ਫਤਿਹ ਸਿੰਘ ਜੀ ਨੇ ਆਪ ਜੀ ਦੀ ਜੀਵਨੀ ਤੇ ਇੱਕ ਵਿਸ਼ੇਸ਼ ਟ੍ਰੈਕਟ ਲਿਖਿਆ ਸੀ ।

ਦੇਸ਼ ਵੰਡ ਤੇ ਪਾਕਿਸਤਾਨ ਬਣਨ ਸਮੇਂ ਬੜੀ ਹਨੇਰ-ਗਰਦੀ ਮੱਚੀ। ਉਹ ਹਿੰਦੂ-ਮੁਸਲਮਾਨ ਜੋ ਸਕੇ ਵੀਰਾਂ ਵਾਂਗ ਮਿਲਵਰਤਨੀਏ ਸਨ, ਦੇ ਸਿਰ ਤੇ ਮਜ਼੍ਹਬੀ ਜਨੂਨ ਭੂਤ ਬਣ ਕੇ ਸਵਾਰ ਹੋ ਗਿਆ । ਹਿੰਦੂ ਮੁਸਲਮਾਨ ਇੱਕ ਦੂਜੇ ਦੇ ਰੱਤ ਪੀਣ ਦੇ ਵੈਰੀ ਬਣ ਗਏ। ਸ਼ਹਿਰਾਂ ਵਿੱਚ ਅੱਗਾਂ ਲੱਗਦੀਆਂ ਤੇ ਪਿੰਡਾਂ ਦੇ ਉਜਾੜੇ ਹੋਣੇ ਸ਼ੁਰੂ ਹੋ ਗਏ ਦੇਸ਼ ਦੀ ਵੰਡ ਨਾਲ ਹਿੰਦੂ ਤੇ ਮੁਸਲਮਾਨ ਵੀ ਵੰਡੇ ਗਏ । ਹਿੰਦੂਆਂ ਦੇ ਹਿੱਸੇ ਆਇਆ ਦੇਸ਼, ਭਾਰਤ ਅਖਵਾਇਆ ਤੇ ਮੁਸਲਮਾਨਾਂ ਨੇ ਆਪਣੇ ਹਾਸਲ ਕੀਤੇ ਹਿੱਸੇ ਨੂੰ ਪਾਕਿਸਤਾਨ ਆਖਿਆ। ਨੂਰਪੁਰ ਦਾ ਇਲਾਕਾ ਚੂੰਕਿ ਮੁਸਲਮਾਨ ਬਹੁ ਗਿਣਤੀ ਦਾ ਇਲਾਕਾ ਸੀ ਇਸ ਲਈ ਪਾਕਿਸਤਾਨੀ ਇਲਾਕਾ ਕਰਾਰ ਦਿੱਤਾ ਗਿਆ । ਇਸ ਲਈ ਮੁਸਲਮਾਨਾਂ ਨੇ ਹਿੰਦੂਆਂ ਪਾਸੋਂ ਮਾਲ-ਧਨ ਤੇ ਜਨ ਦੀ ਖੋਹਾ-ਖਾਹੀ, ਮਾਰ-ਕੁਟਾਈ ਤੇ ਲੁੱਟ-ਲੁਟਾਈ ਸ਼ੁਰੂ ਕਰ ਦਿੱਤੀ । ਅਜਿਹੇ ਜੁਗ-ਗਰਦੀ ਦੇ ਭਿਆਨਕ ਸਮੇਂ ਲਗਭਗ ਪੰਜ ਹਜ਼ਾਰ ਹਿੰਦੂ-ਸਿੱਖਾਂ ਨੇ ਟਿਕਾਣਾ ਸਾਹਿਬ ਵਿੱਚ ਆ ਪਨਾਹ ਲਈ ।

ਮਹਾਂਪੁਰਸ਼ਾਂ ਨੇ ਦਿੱਬ-ਦ੍ਰਿਸ਼ਟੀ ਨਾਲ ਆਉਣ ਵਾਲੇ ਸਮੇਂ ਨੂੰ ਪਹਿਲਾਂ ਹੀ ਪੂਰੀ ਤਰ੍ਹਾਂ ਅਨੁਭਵ ਕਰ ਲਿਆ ਸੀ । ਇਸ ਕਰਕੇ ਕਈ ਮਹੀਨਿਆਂ ਲਈ ਤੇ ਹਜ਼ਾਰਾਂ ਪਨਾਹਗੀਰਾਂ ਨੂੰ ਲੰਗਰ ਛਕਾਣ ਲਈ ਅਨਾਜ ਦੇ ਭੰਡਾਰ ਭਰ ਰੱਖੇ ਸਨ । ਸਮਾਂ ਬਣਨ ਤੇ ਸੰਗਤਾਂ ਨੂੰ ਆਖਿਆ, "ਪੀਹੋ, ਪਕਾਉ ਤੇ ਛਕੋ ਛਕਾਉ ।" ਪੌਣੇ ਦੋ ਮਹੀਨੇ ਲੰਗਰ ਚੱਲਦੇ ਰਹੇ । ਆਖਿਰ ਲਾਰੀਆਂ ਆਈਆਂ ਤੇ ਪਨਾਹਗੀਰ ਸੰਗਤਾਂ ਨੂੰ ਸਰਗੋਧੇ ਲੈ ਗਈਆਂ । ਆਪ ਸਾਰੀਆਂ ਸੰਗਤਾਂ ਨੂੰ ਸਰਗੋਧੇ ਤੋਰ ਸਭ ਤੋਂ ਅਖੀਰ ਲਾਰੀ ਵਿੱਚ ਬੈਠੇ । ਇਨ੍ਹਾਂ ਪੌਣੇ ਦੋਹਾਂ ਮਹੀਨਿਆਂ ਵਿੱਚ ਵੈਰੀ ਜਹਾਦੀਆਂ ਨੇ ਡੇਰੇ ਤੱਕ ਪੁੱਜਣ ਦਾ ਹੀਆ ਕਈ ਵੇਰ ਕੀਤਾ, ਪਰ ਡੇਰੇ ਤੋਂ ਦੋ ਸੌ ਕਦਮ ਦੂਰ ਤੱਕ ਆ ਕੇ ਮੁੜ ਜਾਂਦੇ ਰਹੇ । ਸੁਣਨ ਵਿੱਚ ਆਇਆ ਕਿ ਇਸ ਤੋਂ ਅੱਗੇ ਆਉਣ ਲੱਗਿਆ ਉਨ੍ਹਾਂ ਨੂੰ ਝੁਲਸਾਊ ਸੇਕ ਲੱਗਦਾ ਸੀ ਤੇ ਉਹ ਤੋਬਾ-ਤੋਬਾ ਕਰਦੇ ਪਿੱਛੇ ਹੱਟ ਜਾਂਦੇ ਸਨ । ਸਰਗੋਧੇ ਕੈਂਪ ਵਿੱਚ ਸਮਾਂ ਪੰਜ ਦਿਨ ਹੀ ਰਹੇ ਹੋਣਗੇ ਕਿ ਸੰਗਤਾਂ ਨੂੰ ਲੈਣ ਲਈ 24 ਲਾਰੀਆਂ, ਸ੍ਰੀ ਅੰਮ੍ਰਿਤਸਰ ਜੀ ਤੋਂ ਆਈਆਂ ।

ਮਹੰਤ ਹੀਰਾ ਸਿੰਘ ਜੀ (ਸ਼ਾਹਪੁਰ) ਤੇ ਜ਼ੋਰ ਦੇਣ ਤੇ ਆਪ ਸੰਗਤਾਂ ਸਣੇ ਸ੍ਰੀ ਅੰਮ੍ਰਿਤਸਰ ਪੁੱਜ ਗਏ । ਰਾਹ ਵਿੱਚ ਕਿਸੇ ਤਰ੍ਹਾਂ ਦੀ ਕੋਈ ਦੁਰਘਟਨਾ ਨਾ ਵਾਪਰੀ ।

ਪਹਿਲਾਂ ਅੰਮ੍ਰਿਤਸਰ ਮਹੰਤ ਭਾਈ ਜਵਾਹਰ ਸਿੰਘ ਜੀ ਦੇ ਟਿਕਾਣੇ ਤੇ ਕੁਝ ਚਿਰ ਟਿਕੇ ਤੇ ਫਿਰ ਅੰਬਾਲਾ ਆਦਿ ਥਾਵਾਂ ਵਿੱਚ ਵਿਚਰਦੇ-ਵਿਚਰਦੇ ਗੋਨਿਆਣਾ ਮੰਡੀ ਵਿੱਚ ਆ ਝੰਡਾ ਗੱਡਿਆ । ਥਾਂ ਮੁੱਲ ਲੈ ਕੇ ਇੱਥੇ ਟਿਕਾਣਾ ਕਾਇਮ ਕੀਤਾ । ਵੈਸਾਖੀ ਤੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਮੇਲਿਆਂ ਲਈ ਗਏ, ਸਰੋਵਰ ਵਿੱਚ ਇਸ਼ਨਾਨ ਕੀਤਾ, ਸ੍ਰੀ ਮਹੰਤ ਜਵਾਹਰ ਸਿੰਘ ਜੀ ਦੇ ਟਿਕਾਣੇ ਤੇ ਟਿਕੇ । ਸਰੀਰਕ ਖੇਚਲ ਕਰਕੇ ਇਲਾਜ ਤਾਂ ਬਥੇਰੇ ਕੀਤੇ ਪਰ ਜੋ ਧੁਰੋਂ ਸੱਦਾ ਆ ਜਾਵੇ ਤਾਂ ਕੋਈ ਕੀ ਕਰ ਸਕਦਾ ਹੈ ।

ਜਿਸ ਕੀ ਪੂਜੇ ਅਉਧ ਤਿਸੈ ਕਉਣ ਰਾਖਈ ॥
ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ ॥੨੧॥

ਅਕਾਲ ਪੁਰਖ ਜੀ ਦੇ ਅਟੱਲ ਹੁਕਮ ਅਨੁਸਾਰ ਸੱਦਾ ਆ ਗਿਆ ਤੇ 8 ਵੈਸਾਖ ਸੰਮਤ 2007 ਮੁਤਾਬਿਕ 21 ਅਪ੍ਰੈਲ 1950 ਨੂੰ ਸਰੀਰਕ ਬਾਣਾ ਤਿਆਗ ਕੇ ਪ੍ਰਭੂ ਪੁਰ ਪਯਾਨੇ ਕਰ ਗਏ । ਜੋਤ ਪਰਮ ਜੋਤ ਵਿਚ ਮਿਲ ਗਈ ਜਿਵੇ :

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥੮॥੧੧॥

ਸਰੀਰਕ ਯਾਤਰਾ ਮਰਯਾਦਾ ਅਨੁਸਾਰ ਸੰਪੂਰਣ ਹੋਣ ਤੇ ਡੇਰੇ ਨਾਲ ਸਾਰੇ ਸੰਬੰਧਿਤ ਸਾਧ ਗੋਨਿਆਣਾ ਮੰਡੀ ਪਰਤ ਗਏ ਤੇ ਸਤਾਰ੍ਹਵਾਂ ਆਪਦੇ ਡੇਰੇ ਤੇ ਗੋਨਿਆਣਾ ਮੰਡੀ ਵਿੱਚ ਹੀ ਕੀਤਾ । ਇਸ ਮੌਕੇ ਸੇਵਾ ਪੰਥੀ ਸੰਪ੍ਰਦਾਇ ਦੇ ਪ੍ਰਧਾਨ ਮਹੰਤ ਭਾਈ ਨਿਸ਼ਚਲ ਸਿੰਘ ਜੀ ਪਟਨੇ ਸਨ, ਉਨ੍ਹਾਂ ਨੂੰ ਤਾਰ ਦੇ ਕੇ ਬੁਲਾਇਆ ਗਿਆ । ਹੋਰ ਸਮੂਹ ਸੇਵਾ ਪੰਥੀ ਟਿਕਾਣਿਆਂ ਦੇ ਮਹੰਤ ਸਾਹਿਬਾਨ ਨੇ ਵੀ ਸ਼ਮੂਲੀਅਤ ਕੀਤੀ ਅਤੇ ਹੋਰ ਬੇਅੰਤ ਸਾਧਾਂ-ਸੰਤਾਂ ਤੇ ਸੰਗਤਾਂ ਨੇ ਦਰਸ਼ਨ ਦਿੱਤੇ । ਸਮੂਹ ਸੇਵਾ ਪੰਥੀ ਭੇਖ ਵਿੱਚ ਆਏ ਸਾਧ-ਸੰਤਾਂ ਤੇ ਸੰਗਤਾਂ ਨੇ ਸਰਬ-ਸੰਮਤੀ ਨਾਲ ਆਪ ਜੀ ਦੇ ਮੁਖੀ ਚੇਲੇ ਭਾਈ ਆਸਾ ਸਿੰਘ ਜੀ ਨੂੰ ਡੇਰੇ ਦੀ ਮਹੰਤੀ ਸੌਂਪੀ ਤੇ ਦੂਜੇ ਚੇਲੇ ਭਾਈ ਹਰੀ ਸਿੰਘ ਜੀ ਨੂੰ ਜ਼ਮੀਨਾਂ ਦੇ ਪ੍ਰਬੰਧ ਤੇ ਹੋਰ ਸੇਵਾ ਲਈ ਉਨ੍ਹਾਂ ਸਲਾਹਕਾਰ ਅਥਵਾ ਵਜ਼ੀਰ ਮੁਕੱਰਰ ਕੀਤਾ । ਮਹੰਤ ਆਸਾ ਸਿੰਘ ਜੀ, ਭਾਈ ਹਰੀ ਸਿੰਘ ਜੀ ਤੇ ਭਾਈ ਜਮੀਤ ਸਿੰਘ ਜੀ ਮਿਲ ਕੇ ਲਗਾਤਾਰ ਡੇਰੇ ਦੀ ਮਰਯਾਦਾ ਤੇ ਸੇਵਾ ਨੂੰ ਸਫਲਤਾ ਨਾਲਾ ਨਿਭਾਉਂਦੇ ਰਹੇ । ਮਹੰਤ ਭਾਈ ਗੁਲਾਬ ਸਿੰਘ ਜੀ ਦੇ ਜੋਤੀ-ਜੋਤਿ ਸਮਾ ਜਾਣ ਦੇ ਪੂਰੇ ਸਾਢੇ ਤਿੰਨ ਸਾਲ ਬਾਅਦ ਮਹੰਤ ਆਸਾ ਸਿੰਘ ਜੀ ਨੇ 20 ਅੱਸੂ 2010 ਸੰਮਤ ਨੂੰ ਡੇਰੇ ਵਿੱਚ ਹਰਿਮੰਦਰ ਸਾਹਿਬ ਦੇ ਦਰਬਾਰ ਹਾਲ ਦੀ ਨੀਂਹ ਰੱਖੀ ਜੋ ਇਸ ਵੇਲੇ ਬੜੀ ਸੁੰਦਰ ਸ਼ੋਭਾ ਪਾ ਰਿਹਾ ਹੈ ।

❖❖❖❖❖❖❖❖❖❖❖

# ਸੰਤ ਭਾਈ ਸੁਹੇਲ ਸਿੰਘ ਜੀ

ਕਿਤਨਾ ਖੁਸ਼ ਨਸੀਬ ਇਨਸਾਨ ਹੋਵੇਗਾ ਭਾਈ ਨੇਬਾ ਸਿੰਘ ਜਿਸ ਦੇ ਘਰ (ਪਿੰਡ ਸਾਧ ਵਾਲਾ ਜ਼ਿਲ੍ਹਾ ਮੀਆਂ ਵਾਲੀ, ਪਾਕਿਸਤਾਨ) ਵਿਖੇ ਸੰਨ 1863 ਦੇ ਭਾਗਾਂ ਵਾਲੇ ਸਾਲ ਇਕ ਮਹਾਨ ਆਤਮਾ, ਸੇਵਾ ਸਿਮਰਨ ਦੇ ਪੁੰਜ, ਤਿਆਗੀ ਤੇ ਪਰਉਪਕਾਰੀ ਸੰਨਿਆਸੀ ਮਹਾਂਪੁਰਸ਼ ਭਾਈ ਸੁਹੇਲ ਸਿੰਘ ਨੇ ਜਨਮ ਲਿਆ । ਕਿਸੇ ਸੋਚਿਆ ਵੀ ਨਹੀਂ ਹੋਵੇਗਾ ਕਿ ਇਹ ਬਾਲਕ ਇਕ ਦਿਨ ਦੀਨ ਦੁਖੀਆਂ, ਗਰੀਬਾਂ ਤੇ ਬੇਸਹਾਰਿਆਂ ਦਾ ਬਾਂਹ ਬੇਲੀ ਬਣ ਕੇ ਨਾਮ ਬਾਣੀ ਦੇ ਪ੍ਰਕਾਸ਼ ਸਕਦਾ ਮੱਕੜ ਪਰਿਵਾਰ ਦਾ ਨਾਮ ਰੌਸ਼ਨ ਕਰੇਗਾ । ਲੋਕ ਆਪ ਮੁਹਾਰੇ ਆਖਣਗੇ :-

ਧੰਨ ਜਨਨੀ ਜਿਨਿ ਜਾਇਆ ਧੰਨ ਪਿਤਾ ਪ੍ਰਧਾਨ ॥

ਬਚਪਨ ਤੋਂ ਹੀ ਸ਼ੁਭ ਗੁਣਾਂ, ਆਦਤਾਂ, ਸ਼ਾਂਤ ਸੁਭਾਅ ਤੇ ਅਮਲਾਂ ਤੋਂ ਆਪ ਵਿਚੋਂ ਸਾਧੂਪੁਣੇ ਦੀ ਝਲਕ ਮਿਲਦੀ ਸੀ । ਆਪਣੇ ਨਾਲ ਖੇਡਣ ਵਾਲੇ ਬੱਚਿਆਂ ਨਾਲ ਕਦੇ ਲੜਾਈ ਝਗੜਾ ਨਾ ਕਰਦੇ, ਸਭ ਨੂੰ ਪਿਆਰ ਕਰਦੇ ਤੇ ਸਾਰੇ ਸਾਥੀ ਇਨ੍ਹਾਂ ਦਾ ਸਤਿਕਾਰ ਕਰਦੇ ਸਨ । ਘਰ ਵਿਚ ਹੀ ਨਾ ਕਿਸੇ ਨਾਲ ਰੀਸ ਕਰਦੇ, ਨਾ ਝਗੜਾ ਕਰਦੇ ਤੇ ਨਾ ਕਦੇ ਕੁਝ ਮੰਗਦੇ ਹੀ ਸਨ । ਜੋ ਮਿਲ ਗਿਆ ਉਸੇ ਤੇ ਸੰਤੋਖ ਕਰ ਲਿਆ । ਆਪ ਜੀ ਦੇ ਪਿਤਾ ਭਾਈ ਨੇਬਾ ਸਿੰਘ ਕਈ ਵਾਰ ਆਖਦੇ ਕਿ ਇਹ ਤਾਂ ਨਿਰਾ ਸੰਤ ਹੈ ਸੰਤ । ਠੀਕ ਇਸੇ ਤਰ੍ਹਾਂ ਹੀ ਹੋਇਆ । ਆਪ ਜੀਵਨ ਵਿਚ ਪੂਰਨ ਸੰਤ ਹੋ ਨਿਬੜੇ ।

ਹੋਇਆ ਇਸ ਤਰ੍ਹਾਂ ਕਿ ਇਕ ਵਾਰ ਬਾਲਕ ਸੁਹੇਲ ਸਿੰਘ ਬੀਮਾਰ ਹੋ ਗਏ । ਬਿਮਾਰੀ ਇਤਨੀ ਦੀਰਘ ਹੋ ਗਈ ਕਿ ਵੈਦ ਡਾਕਟਰ ਜਵਾਬ ਦੇ ਗਏ । ਭਾਈ ਨੇਬਾ ਸਿੰਘ (ਜੋ ਟਿਕਾਣਾ ਭਾਈ ਜਗਤਾ ਜੀ ਨੂਰਪੁਰ ਦੇ ਸ਼ਰਧਾਲੂ ਸਨ) ਨੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ! ਇਹ ਬੱਚ ਜਾਵੇ ਮੈਂ ਇਸ ਨੂੰ ਭਾਈ ਜਗਤਾ ਜੀ ਦਾ ਸਾਧ ਬਣਾ ਕੇ ਟਿਕਾਣੇ ਨੂੰ ਅਰਪਨ ਕਰ ਦੇਵਾਂਗਾ । ਅਰਦਾਸ ਮਨਜ਼ੂਰ ਹੋਈ ਤੇ ਬਾਲਕ ਸੁਹੇਲ ਸਿੰਘ ਕੁਝ ਦਿਨਾਂ ਵਿਚ ਹੀ ਨੌਂ ਬਰ ਨੌਂ ਹੋ ਗਏ । ਭਾਈ ਨੇਬਾ ਸਿੰਘ ਨੂੰ ਸ੍ਰੀਮਾਨ ਮਹੰਤ ਭਾਈ ਗੁਲਾਬ ਸਿੰਘ (ਜੋ ਉਸ ਵੇਲੇ ਮੁੱਖ ਪ੍ਰਬੰਧਕ ਸਨ) ਦੇ ਅਰਪਨ ਕਰ ਦਿੱਤਾ । ਆਪ ਟਿਕਾਣੇ ਤੇ ਟਿਕ ਗਏ ਤੇ ਅੱਠੋ ਪਹਿਰ ਸੇਵਾ ਸਿਮਰਨ ਵਿਚ ਲੀਨ ਰਹਿਣ ਲੱਗੇ । ਕਈ ਸਾਲ ਟਿਕਾਣਾ ਸਾਹਿਬ ਵਿਖੇ ਬੜੇ ਚਾਉ ਨਾਲ ਸੇਵਾ ਕਰਦੇ ਰਹੇ ।

ਇਕ ਵਾਰ ਕੋਟਲੀ ਦੀ ਸੰਗਤ ਨੇ ਆ ਕੇ ਮਹੰਤ ਸਾਹਿਬ ਅੱਗੇ ਬੇਨਤੀ ਕੀਤੀ ਤੇ ਉਨ੍ਹਾਂ ਪਾਸੋਂ ਭਾਈ ਸੁਹੇਲ ਸਿੰਘ ਨੂੰ ਕੋਟਲੀ ਪਿੰਡ ਲੈ ਗਏ । ਉਥੇ ਜਾ ਕੇ ਆਪ ਨੇ ਜੰਗਲ ਵਿਚ ਮੰਗਲ ਲਾ ਦਿੱਤਾ, ਰੌਣਕ ਲਾ ਦਿੱਤੀ । ਪਿੰਡ ਦੇ ਬੱਚੇ-ਬੱਚੀਆਂ, ਜਵਾਨ, ਬਿਰਧ ਤੇ ਬੀਬੀਆਂ ਦੀ ਸਵੇਰੇ ਸ਼ਾਮ ਬਾਣੀ ਪੜ੍ਹਨ ਸੁਨਣ ਤੇ ਕਥਾ ਕੀਰਤਨ ਨਾਲ ਲਗਨ ਲਾ ਦਿੱਤੀ । ਪਿੰਡ ਦਾ ਵਾਤਾਵਰਨ ਧਾਰਮਿਕ ਬਣਾ ਦੇਖ ਕੇ ਕੋਟਲੀ ਵਾਲੇ ਮੱਕੜ ਮਹੰਤ ਸਾਹਿਬ ਜੀ ਦੇ ਧੰਨਵਾਦੀ ਹੁੰਦੇ ਕਿ ਉਹਨਾਂ ਨੇ ਸਾਨੂੰ ਇਕ ਪੂਰਨ ਪੁਰਖ ਦੇ ਕੇ ਨਿਵਾਜਿਆ ਹੈ ।

ਸੰਤ ਜੀ ਜ਼ਿਆਦਾ ਸਮਾਂ ਤਾਂ ਕੋਟਲੀ ਪਿੰਡ ਹੀ ਰਹਿੰਦੇ ਪਰ ਅਕਸਰ ਸਾਧਵਾਲਾ, ਗੌਹਰ ਵਾਲਾ ਤੇ ਨੂਰਪੁਰ ਵੀ ਆਉਣ ਜਾਣ ਰੱਖਦੇ । ਨਾਮ ਜਪਣਾ ਤੇ ਜਪਾਉਣਾ, ਸੇਵਾ ਕਰਨੀ ਤੇ ਕਰਾਉਣੀ ਆਪ ਜੀ ਦਾ ਨਿੱਤ ਕਰਮ ਬਣ ਗਿਆ ਸੀ । ਸੰਤ ਜੀ ਅਕਸਰ ਕਿਹਾ ਕਰਦੇ ਸਨ "ਕੁਝ ਚੰਗਾ ਕਰ ਲਵੋ ਦਿਹੁੰ ਲਹਿ ਗਿਆ ਜੇ" ਇਹ ਵਾਕ ਬੜਾ ਭਾਵ ਪੂਰਤ ਹੈ ਕਿ ਜੀਵਨ ਦਾ ਸੂਰਜ ਛਿਪਦਾ ਜਾ ਰਿਹਾ ਹੈ ਭਾਵ ਉਮਰ ਘੱਟਦੀ ਜਾ ਰਹੀ ਹੈ । ਭਜਨ ਸਿਮਰਨ, ਸੇਵਾ ਤੇ ਪਰਉਪਕਾਰ ਕਰ ਲਵੋ, ਲੋਕ ਭਲਾਈ ਦਾ ਕੋਈ ਕੰਮ ਕਰ ਲਵੋ, ਕੋਈ ਨੇਕੀ ਤੇ ਚੰਗਿਆਈ ਖਟ ਲਵੋ । ਜੀਵਨ ਦੀ ਸਫਲਤਾ ਲਈ ਸੰਤ ਭਾਈ ਸੁਹੇਲ ਸਿੰਘ ਜੀ ਦਾ ਉਕਤ ਸੰਦੇਸ਼ ਅੱਜ ਵੀ ਉਤਨਾ ਹੀ ਸਾਰਥਕ ਹੈ । ਉਨ੍ਹਾਂ ਦੀ ਯਾਦ ਵਿਚ ਹਰ ਸਾਲ 4 ਤੋਂ 6 ਵੈਸਾਖ ਤੱਕ (ਗੁ: ਸੰਤ ਭਾਈ ਸੁਹੇਲ ਸਿੰਘ) ਨਵੀਂ ਬਸਤੀ ਗੋਨਿਆਣਾ ਮੰਡੀ ਵਿਖੇ ਸਲਾਨਾ ਸਮਾਗਮ ਮਨਾਇਆ ਜਾਂਦਾ ਹੈ।

– ਸੰਤ ਪ੍ਰੀਤਮ ਸਿੰਘ

# ਭਾਈ ਹਰੀ ਸਿੰਘ ਜੀ

ਭਾਈ ਘਨੱਈਆ ਜੀ ਤੋਂ ਚੱਲੀ ਸੰਪ੍ਰਦਾਇ ਵਿਚ ਅਨੇਕ ਸੰਤ-ਮਹਾਤਮਾ ਪੈਦਾ ਹੋਏ ਹਨ। ਇਸ ਸੰਪ੍ਰਦਾਇ ਵਿਚ ਇਕ ਨਾਮਵਰ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਦਾ ਆਪਾ ਪ੍ਰਭੂ-ਭਗਤੀ, ਸੇਵਾ, ਸਿਮਰਨ ਅਤੇ ਦੂਸਰਿਆਂ ਨੂੰ ਪਰਮਾਤਮਾ ਨਾਲ ਲਿਵ ਲਾਉਣ ਲਈ ਚਾਨਣ-ਮੁਨਾਰਾ ਹੁੰਦਾ ਸੀ। ਇਹੋ ਜਿਹੇ ਹੀ ਮਹਾਨ, ਤਿਆਗੀ, ਵੈਰਾਗੀ, ਪਰਉਪਕਾਰੀ, ਤਪੱਸਵੀ, ਪ੍ਰਭੂ ਭਗਤੀ ਵਿਚ ਲੀਨ ਸੰਤ ਹਰੀ ਸਿੰਘ ਜੀ 'ਸੇਵਾ ਪੰਥੀ' ਮਾਛੀਵਾੜਾ ਵਾਲੇ ਸਨ।

ਸੰਤ ਹਰੀ ਸਿੰਘ ਜੀ ਦਾ ਜਨਮ ਨੂਰਪੁਰ ਥਲ ਜ਼ਿਲ੍ਹਾ ਸਰਗੋਧਾ ਪਾਕਿਸਤਾਨ ਵਿਖੇ ਪਿਤਾ ਸ੍ਰੀ ਤੁਲਾ ਰਾਮ ਦੇ ਗ੍ਰਿਹ 1904 ਈ: (ਸੰਮਤ 1961) ਵਿਚ ਹੋਇਆ। ਆਪ ਜੀ ਦਾ ਰੰਗ ਗੋਰਾ, ਉੱਚਾ ਲੰਮਾ ਕੱਦ, ਸਰੀਰ ਪਤਲਾ ਪਰ ਹੱਡੀਆਂ ਮੋਟੀਆਂ ਤੇ ਨਿੱਗਰ ਸਨ। ਬਚਪਨ ਤੋਂ ਹੀ ਆਪ ਨੂੰ ਬਾਣੀ ਦੀ ਲਗਨ, ਸੇਵਾ ਤੇ ਕੀਰਤਨ ਦਾ ਸ਼ੌਕ ਸੀ। ਬਚਪਨ ਵਿਚ ਆਪ ਭਾਈ ਜਗਤਾ ਜੀ ਸਕੂਲ ਨੂਰਪੁਰ ਵਿਚ ਪੜ੍ਹਦੇ ਸਨ। ਭਾਈ ਪ੍ਰੇਮ ਸਿੰਘ ਬੱਚਿਆਂ ਨੂੰ ਸ਼ਬਦ ਕੀਰਤਨ ਸਿਖਾਉਂਦੇ, ਆਪ ਉਸ ਬੱਚਿਆਂ ਦੇ ਜਥੇ ਵਿਚ ਕੀਰਤਨ ਦੇ ਮੋਢੀ ਸਨ। ਇਨ੍ਹਾਂ ਦੀ ਸੁਰੀਲੀ ਤੇ ਮਿੱਠੀ ਆਵਾਜ਼ ਸੁਣ ਕੇ ਸ੍ਰੀਮਾਨ ਮਹੰਤ ਭਾਈ ਗੁਲਾਬ ਸਿੰਘ ਜੀ ਨੇ ਇਨ੍ਹਾਂ ਦੇ ਪਿਤਾ ਸ੍ਰੀ ਤੁਲਾ ਰਾਮ ਨੂੰ ਕਿਹਾ, "ਇਹ ਬੱਚਾ ਸਾਨੂੰ ਦੇ ਦਿਓ। ਇਸ ਦੀ ਆਵਾਜ਼ ਬੜੀ ਮਿੱਠੀ ਤੇ ਸੁਰੀਲੀ ਹੈ, ਇਹ ਸੰਗਤਾਂ ਨੂੰ ਕੀਰਤਨ ਸੁਣਾ ਕੇ ਨਿਹਾਲ ਕਰਿਆ ਕਰੇਗਾ।" 15 ਸਾਲ ਦੀ ਉਮਰ ਵਿਚ ਮਹੰਤ ਗੁਲਾਬ ਸਿੰਘ ਜੀ ਸੰਤ ਹਰੀ ਸਿੰਘ ਨੂੰ ਟਿਕਾਣਾ ਭਾਈ ਜਗਤਾ ਜੀ ਸਾਹਿਬ ਨੂਰਪੁਰ ਵਿਖੇ ਲੈ ਆਏ। ਟਿਕਾਣੇ ਵਿਚ ਹੀ ਮਹੰਤ ਭਾਈ ਉਤਮ ਚੰਦ ਤੋਂ ਕੀਰਤਨ ਵਿੱਦਿਆ ਸਿੱਖ ਕੇ ਡੇਰੇ ਵਿਚ ਕੀਰਤਨ ਕਰਨ ਲੱਗ ਪਏ। ਆਪ ਨੇ ਨੂਰਪੁਰ ਥਲ (ਪਾਕਿਸਤਾਨ) ਵਿਚ 40 ਸਾਲ ਤੱਕ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤ ਨੂੰ ਨਿਹਾਲ ਕੀਤਾ।

ਦੇਸ਼ ਦੀ ਵੰਡ ਤੋਂ ਬਾਅਦ 1947 ਵਿਚ ਭਾਰਤ ਆ ਕੇ ਪਾਕਿਸਤਾਨ ਵਿਚ ਰਹਿ ਗਈਆਂ ਜਾਇਦਾਦਾਂ ਦੇ ਕਲੇਮ ਤੇ ਜ਼ਮੀਨਾਂ ਅਲਾਟ ਕਰਵਾਈਆਂ। ਆਪ ਨੇ ਗ਼ਰੀਬ ਲੋਕਾਂ ਦੇ ਕਲੇਮ, ਮਕਾਨ ਦਿਵਾਉਣ ਵਿਚ ਬੜੀ ਸਹਾਇਤਾ ਕੀਤੀ। ਨਵੇਂ ਸਿਰਿਓਂ ਲੋਕਾਂ ਨੂੰ ਵਸਾਉਣ ਵਿਚ ਬੜੀ ਸੇਵਾ ਕੀਤੀ।

ਸੰਤ ਹਰੀ ਸਿੰਘ ਜੀ ਨੇ ਮਹੰਤ ਭਾਈ ਗੁਲਾਬ ਸਿੰਘ ਜੀ ਦੇ ਨਾਂ ਤੇ, ਮਾਛੀਵਾੜਾ ਵਿਖੇ ਡੇਰਾ ਕਾਇਮ ਕੀਤਾ। ਸੰਤ ਹਰੀ ਸਿੰਘ ਜੀ ਸ੍ਰੀਮਾਨ ਮਹੰਤ ਭਾਈ ਗੁਲਾਬ ਸਿੰਘ ਜੀ ਦੇ ਚੇਲੇ ਸਨ। ਸੰਤ ਹਰੀ ਸਿੰਘ ਨੂੰ ਖੇਤੀ ਕਰਨ ਤੇ ਕਰਾਉਣ ਦਾ ਬੜਾ ਸ਼ੌਂਕ ਸੀ, ਮਾਛੀਵਾੜਾ ਦੇ ਨੇੜੇ ਗੁਰੂਗੜ੍ਹ ਵਿੱਚ ਜ਼ਮੀਨ ਹੈ, ਖ਼ੁਦ ਕਾਸ਼ਤ ਕਰਦੇ ਰਹੇ ਹਨ। ਆਪਣੀ ਜ਼ਮੀਨ ਦੀ ਹੀ ਕਣਕ, ਸਬਜ਼ੀ ਖਾਣੀ। ਗਊਆਂ-ਮੱਝਾਂ ਰੱਖਦੇ, ਘਰ ਦਾ ਹੀ ਦੁੱਧ, ਦਹੀਂ, ਲੱਸੀ ਪੀਣੀ।

ਆਪਣੇ ਸੇਵਾ ਕਾਲ ਦੌਰਾਨ ਆਪਣੇ ਅੰਮ੍ਰਿਤ ਵੇਲੇ ਉਠਣਾ, ਠੰਢੇ ਪਾਣੀ ਨਾਲ ਇਸ਼ਨਾਨ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਪ ਹੀ ਪ੍ਰਕਾਸ਼ ਕਰਨਾ, ਜਪੁਜੀ ਸਾਹਿਬ, ਨਿੱਤ-ਨੇਮ ਦੀਆਂ ਬਾਣੀਆਂ ਤੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਨਾ ਆਪ ਦਾ ਪੱਕਾ ਨੇਮ ਸੀ।

ਆਪ ਨੇ ਆਪਣਾ ਸਾਰਾ ਜੀਵਨ ਸੇਵਾ, ਸਿਮਰਨ, ਪਰਉਪਕਾਰ, ਗੁਰਬਾਣੀ ਦਾ ਰਸ ਆਪ ਵੀ ਮਾਣਿਆਂ ਤੇ ਅਨੇਕ ਹੀ ਪ੍ਰਾਣੀਆਂ ਵਿੱਚ ਇਸ ਰਸ ਨੂੰ ਮਾਣਨ ਦਾ ਚਾਅ ਪੈਦਾ ਕੀਤਾ।

ਸੰਤ ਹਰੀ ਸਿੰਘ ਜੀ ਹਰ ਇਕ ਨੂੰ ਬੜੇ ਪਿਆਰ ਨਾਲ ਮਿਲਦੇ ਤੇ ਪਰਿਵਾਰ ਬਾਰੇ ਜ਼ਰੂਰ

ਹਾਲ-ਚਾਲ ਪੁੱਛਦੇ। ਮੈਨੂੰ ਕਈ ਵਾਰ ਇਨ੍ਹਾਂ ਦੇ ਨੇੜੇ ਹੋ ਕੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਹਰ ਸਾਲ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਵਿਖੇ 2 ਮਾਘ ਨੂੰ ਬਾਬਾ ਜਗਤਾ ਜੀ ਦੇ ਸਾਲਾਨਾ ਯੱਗ-ਸਮਾਗਮ ਅਤੇ 8 ਵੈਸਾਖ ਨੂੰ ਮਹੰਤ ਭਾਈ ਗੁਲਾਬ ਸਿੰਘ ਜੀ ਦੀ ਸਾਲਾਨਾ ਬਰਸੀ ਦੇ ਸ਼ੁੱਭ ਅਵਸਰ ਤੇ ਆਪ 'ਗੁਰੂ ਕਾ ਲੰਗਰ' ਦੇ ਮੁੱਖ ਪ੍ਰਬੰਧਕ ਹੁੰਦੇ ਹਨ। ਇਨ੍ਹਾਂ ਦੀ ਸਰਪ੍ਰਸਤੀ ਵਿਚ ਹੀ ਸਾਰੀਆਂ ਸੇਵਾ ਸੁਸਾਇਟੀਆਂ, ਸੰਗਤਾਂ, ਪਿਆਰ, ਸ਼ਰਧਾ ਸਹਿਤ ਲੰਗਰ ਛਕਾਉਣ ਦੀ ਸੇਵਾ ਨਿਭਾਉਂਦੀਆਂ ਸਨ।

ਸ੍ਰੀਮਾਨ ਸੰਤ ਹਰਪਾਲ ਸਿੰਘ ਜੀ ਤੇ ਸੰਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ' ਗੋਨਿਆਣਾ ਮੰਡੀ ਵਾਲੇ ਸੰਤ ਹਰੀ ਸਿੰਘ ਜੀ ਦੀ ਸਿਹਤ ਦਾ ਪਤਾ ਲੈਣ ਗਏ। ਸੰਤ ਭੁਪਿੰਦਰ ਸਿੰਘ ਜੀ ਨੇ ਹੀ 14 ਮਾਰਚ ਰਾਤ ਨੂੰ ਗੋਨਿਆਣਾ ਮੰਡੀ ਮਹੰਤ ਤੀਰਥ ਸਿੰਘ ਜੀ ਨੂੰ ਫੋਨ ਕੀਤਾ ਕਿ ਸੰਤ ਹਰੀ ਸਿੰਘ ਜੀ ਦੀ ਤਬੀਅਤ ਬਹੁਤ ਖਰਾਬ ਹੈ। ਆਪ ਜੀ ਨੂੰ ਉਨ੍ਹਾਂ ਯਾਦ ਕੀਤਾ ਹੈ, ਜਲਦੀ ਪਹੁੰਚੋ। ਮਹੰਤ ਤੀਰਥ ਸਿੰਘ ਜੀ 15 ਮਾਰਚ ਨੂੰ ਸਵੇਰੇ ਸੰਤ ਹਰੀ ਸਿੰਘ ਜੀ ਦਾ ਮਾਛੀਵਾੜਾ ਵਿਖੇ ਪਤਾ ਲੈਣ ਪਹੁੰਚ ਗਏ ਉਨ੍ਹਾਂ ਆਪਣੀ ਅੰਤਿਮ ਇੱਛਾ ਪ੍ਰਗਟ ਕੀਤੀ ਕਿ ਮੈਂ ਸਰੀਰ 'ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ' ਵਿਖੇ ਤਿਆਗਣਾ ਹੈ। ਚਾਹੇ ਮਾਛੀਵਾੜਾ ਦੀਆਂ ਸੰਗਤਾਂ ਬਹੁਤ ਬਿਹਬਲ ਹੋਈਆਂ ਕਿ ਸੰਤ ਜੀ 50 ਸਾਲ ਮਾਛੀਵਾੜਾ ਵਿਚ ਰਹੇ ਹਨ, ਪਰ ਮਹੰਤ ਤੀਰਥ ਸਿੰਘ ਜੀ ਨੇ ਸੰਗਤਾਂ ਨੂੰ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਕਿਹਾ ਕਿ ਉਨ੍ਹਾਂ ਦੀ ਅੰਤਿਮ ਇੱਛਾ ਸਾਨੂੰ ਪੂਰੀ ਕਰਨੀ ਚਾਹੀਦੀ ਹੈ। 16 ਮਾਰਚ ਸ਼ਾਮ ਨੂੰ 8 ਵਜੇ ਮਹੰਤ ਤੀਰਥ ਸਿੰਘ ਜੀ ਆਪਣੇ ਨਾਲ ਟਿਕਾਣਾ ਸਾਹਿਬ ਵਿਖੇ ਲੈ ਆਏ। ਸਾਰੀ ਰਾਤ ਡਾ: ਜਗਵਿੰਦਰ ਸਿੰਘ ਬਠਿੰਡਾ, ਡਾ: ਹਰਪ੍ਰੀਤ ਗਰੇਵਰ ਤੇ ਹੋਰ ਸੇਵਾਦਾਰ ਸੇਵਾ ਕਰਦੇ ਰਹੇ। ਸਵੇਰੇ 6 ਵਜੇ ਉਨ੍ਹਾਂ ਮਹੰਤ ਤੀਰਧ ਸਿੰਘ ਜੀ ਨੂੰ ਬੁਲਾਇਆ। ਮਹੰਤ ਤੀਰਥ ਸਿਘ ਜੀ ਵੱਲ ਟਿਕਟਿਕੀ ਲਾ ਕੇ ਵੇਖਦੇ ਰਹੇ। 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਬੁਲਾਈ। ਹੱਥ ਜੋੜੇ, ਉਸ ਸਮੇਂ ਵਾਹਿਗੁਰੂ ਦਾ ਸਿਮਰਨ ਕਰ ਰਹੇ ਮਨ। ਸਿਮਰਨ ਕਰਦੇ-ਕਰਦੇ ਹੀ ਵਾਹਿਗੁਰੂ ਵਿਚ ਲੀਨ ਹੋ ਗਏ। ਗੁਰਬਾਣੀ ਦਾ ਪ੍ਰਮਾਣ ਹੈ :-

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥੮॥੧੧॥

ਸੇਵਾ, ਸਿਮਰਨ ਮਹਾਨ ਤਿਆਗੀ ਤੇ ਪਰਉਪਕਾਰੀ ਦੀ ਮੂਰਤ ਸ੍ਰੀਮਾਨ ਸੰਤ ਹਰੀ ਸਿੰਘ ਜੀ ਮਾਛੀਵਾੜਾ ਵਾਲੇ 95 ਸਾਲ ਦੀ ਉਮਰ ਭੋਗ ਤੇ 17 ਮਾਰਚ 1999 ਨੂੰ ਦੁਪਹਿਰ 12-15 ਵਜੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਚਰਨਾਂ ਵਿਚ ਅਭੇਦ ਹੋ ਗਏ।

ਸੰਤ ਹਰੀ ਸਿੰਘ ਜੀ 'ਸੇਵਾ ਪੰਥੀ' ਦੇ ਪ੍ਰਤੀ ਸੰਗਤਾਂ ਦਾ ਪਿਆਰ ਉਨ੍ਹਾਂ ਦੇ ਅੰਤਿਮ ਸੰਸਕਾਰ ਸਮੇਂ ਹੋਏ ਇਕੱਠ ਤੋਂ ਪਤਾ ਲਗਦਾ ਹੈ। ਉਨ੍ਹਾਂ ਦੇ ਅੰਤਿਮ ਸੰਸਕਾਰ ਸਮੇਂ ਕੋਟਕਪੂਰਾ, ਮਲੋਟ, ਜੈਤੋ, ਰਿਵਾੜੀ, ਮਾਛੀਵਾੜਾ, ਚੱਕੀ, ਮਿੱਠੇਵਾਲਾ, ਗੋਨਿਆਣਾ, ਬਠਿੰਡਾ, ਚੰਡੀਗੜ੍ਹ, ਅੰਮ੍ਰਿਤਸਰ ਆਦਿ ਤੋਂ ਸ਼ਰਧਾਲੂ ਸੰਗਤਾਂ ਵੱਡੀ ਤਦਾਦ ਵਿਚ ਸ਼ਾਮਲ ਹੋਈਆਂ ਸਨ। ਸੰਤ ਹਰੀ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਸੋਗ ਵਜੋਂ ਗੋਨਿਆਣਾ ਮੰਡੀ ਮੁਕੰਮਲ ਬੰਦ ਰਹੀ ਸੀ। ਉਹਨਾਂ ਦੀ ਯਾਦ ਵਿੱਚ ਮਾਛੀਵਾੜਾ ਵਿਖੇ ਹਰ ਸਾਲ 2 ਅਪ੍ਰੈਲ ਨੂੰ ਸਲਾਨਾ ਸਮਾਗਮ ਮਨਾਇਆ ਜਾਂਦਾ ਹੈ।

-ਕਰਨੈਲ ਸਿੰਘ ਐਮ.ਏ.

★ ★ ★ ★ ★

# ਸੰਤ ਭੁਪਿੰਦਰ ਸਿੰਘ ਜੀ ਸੇਵਾ-ਪੰਥੀ

-ਕਰਨੈਲ ਸਿੰਘ ਐਮ. ਏ

ਸੰਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ' ਦਾ ਜਨਮ 3 ਜੁਲਾਈ 1979 ਈ. (ਸੰਮਤ 2036)ਨੂੰ ਸ੍ਰ: ਮੋਹਨ ਸਿੰਘ ਦੇ ਗ੍ਰਹਿ ਮਾਤਾ ਸਤਨਾਮ ਕੌਰ ਦੀ ਕੁੱਖੋਂ ਪਿੰਡ ਪਵਾਤ ਤਹਿਸੀਲ ਸਮਰਾਲਾ ਜ਼ਿਲਾ ਲੁਧਿਆਣਾ ਵਿਖੇ ਹੋਇਆ ਬਚਪਨ ਤੋਂ ਹੀ ਆਪ ਨੂੰ ਬਾਣੀ ਦੀ ਲਗਨ ਸੇਵਾ ਤੇ ਕੀਰਤਨ ਦਾ ਸ਼ੌਕ ਸੀ। ਆਪ ਬਚਪਨ ਵਿੱਚ ਹੀ ਆਪਣੇ ਚਾਚਾ ਸ੍ਰੀਮਾਨ 108 ਮਹੰਤ ਤੀਰਥ ਸਿੰਘ ਜੀ ਸੇਵਾ ਪੰਥੀ ਜੋ ਸੇਵਾ ਪੰਥੀ ਅੱਡਣਸ਼ਾਹੀ ਸਭਾ (ਰਜਿ:) ਅੰਮ੍ਰਿਤਸਰ ਦੇ ਪ੍ਰਧਾਨ ਤੇ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਦੀ ਗੱਦੀ ਬੰਸਾਵਲੀ ਦੇ 12ਵੇਂ ਮੁੱਖ ਸਰਪ੍ਰਸਤ ਹਨ ਦੀ ਸ਼ਰਨ ਵਿੱਚ ਆ ਗਏ ਸਨ। ਮਹੰਤ ਤੀਰਥ ਸਿੰਘ ਜੀ ਨੇ ਹੀ ਇਨ੍ਹਾਂ ਨੂੰ ਪੜ੍ਹਾਇਆ-ਲਿਖਾਇਆ ਹੈ। ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਰਹਿੰਦਿਆਂ ਹੀ ਸੇਵਾ ਕਰਨ ਦੇ ਨਾਲ-ਨਾਲ ਵਿੱਦਿਆ ਪ੍ਰਾਪਤ ਕਰਦੇ ਰਹੇ।

ਸੰਤ ਭੁਪਿੰਦਰ ਸਿੰਘ ਨੇ ਗੁਰੂ ਨਾਨਕ ਫਿਫਥ ਸੈਂਟਰੀ ਸਕੂਲ ਮਸੂਰੀ,ਦਸਮੇਸ਼ ਪਬਲਿਕ ਸਕੂਲ ਫ਼ਰੀਦਕੋਟ,ਭਾਈ ਜਗਤਾ ਹਾਈ ਸਕੂਲ ਗੋਨਿਆਣਾ ਮੰਡੀ,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਵਿੱਦਿਆ ਪ੍ਰਾਪਤ ਕੀਤੀ। ਡੇਰੇ ਵਿੱਚ ਆਈ ਸਾਧ-ਸੰਗਤ ਦੀ ਸੇਵਾ ਬੜ੍ਹੇ ਪਿਆਰ,ਸ਼ਰਧਾ ਤੇ ਸਤਿਕਾਰ ਨਾਲ ਕਰਦੇ ਸਨ। ਮਹੰਤ ਤੀਰਥ ਸਿੰਘ ਜੀ ਨੇ ਹੀ ਇਨ੍ਹਾਂ ਨੂੰ ਸੇਵਾ,ਸਿਮਰਨ ਦੀ ਗੁੜ੍ਹਤੀ ਦਿੱਤੀ। ਜਦੋਂ ਸੇਵਾ ਕਰਨ 'ਚ ਪੂਰੇ ਉਤਰਦੇ ਦਿਸੇ ਤਾਂ ਮਹੰਤ ਤੀਰਥ ਸਿੰਘ ਜੀ ਨੇ ਬ੍ਰਹਮ-ਗਿਆਨੀ ਭਾਈ ਜਗਤਾ ਰਾਮ ਜੀ ਦੇ 186 ਵੇਂ ਯੱਗ-ਭੰਡਾਰੇ ਦੇ ਸ਼ੁੱਭ ਅਵਸਰ ਤੇ 15 ਜਨਵਰੀ 1998 ਈ: ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਸ਼-ਵੰਸ਼ ਸ੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਬੇਦੀ ਊਨਾਂ ਸਾਹਿਬ ਪਾਸੋਂ ਤਿਲਕ ਲਗਵਾ ਕੇ ਦਸਤਾਰ ਸਜਾਉਣ ਦੀ ਰਸਮ ਅਦਾ ਕੀਤੀ।

ਸੰਤ ਭੁਪਿੰਦਰ ਸਿੰਘ ਨੇ ਛੋਟੀ ਉਮਰ ਵਿੱਚ ਹੀ ਅਨੇਕਾਂ ਧਾਰਮਿਕ ਗ੍ਰੰਥਾਂ ਤੇ ਪੁਸਤਕਾਂ ਦਾ ਅਧਿਐਨ ਕੀਤਾ। ਸੰਤ ਜੀ ਨੇ ਸੇਵਾ ਤੇ ਕਥਾ ਕਰਨ ਦੇ ਨਾਲ-ਨਾਲ ਕੀਰਤਨ ਦੀ ਸਿਖਲਾਈ ਸੰਤ ਹਰਪਾਲ ਸਿੰਘ ਜੀ ਸੇਵਾ ਪੰਥੀ,ਭਾਈ ਅਜੀਤ ਸਿੰਘ ਜੀ ਤੇ ਸ੍ਰ: ਕਰਤਾਰ ਸਿੰਘ ਜੀ ਬਠਿੰਡਾ ਪਾਸੋਂ ਸੰਗੀਤ ਦੀ ਉਚੇਰੀ ਵਿੱਦਿਆ ਪ੍ਰਾਪਤ ਕੀਤੀ। ਮਹੰਤ ਤੀਰਥ ਸਿੰਘ ਜੀ ਦੀ ਸਰਪ੍ਰਸਤੀ ਹੇਠ ਛਪ ਰਹੇ 'ਭਾਈ ਘਨੱਈਆ ਸੇਵਾ ਜੋਤੀ' ਪੰਜਾਬੀ ਮਾਸਿਕ ਨੂੰ ਦੇਸ਼-ਵਿਦੇਸ਼ ਵਿੱਚ ਬਹੁਤ ਸ਼ਾਲਾਘਾ ਹੋਈ। ਸੰਤ ਭੁਪਿੰਦਰ ਸਿੰਘ ਜੀ ਦਫ਼ਤਰ ਵਰ-ਘਰ ਦੇ ਵੀ ਮੁੱਖ ਇੰਚਾਰਜ ਸਨ। ਮਹੰਤ ਤੀਰਥ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰਿਆਂ ਦਾ ਪ੍ਰਬੰਧ ਤੇ ਟਿਕਾਣਾ ਸਾਹਿਬ ਦੀਆਂ ਸੰਸਥਾਵਾਂ ਦੇ ਹਰ ਕੰਮ ਵਿੱਚ ਸੰਤ ਜੀ ਹੱਥ ਵਟਾਉਂਦੇ,ਸਹਿਯੋਗ ਦਿੰਦੇ ਤੇ ਅਗਵਾਈ ਕਰਦੇ ਸਨ।

ਸੰਤ ਭੁਪਿੰਦਰ ਸਿੰਘ ਜੀ ਨੇ ਭਾਈ ਘਨੱਈਆ ਚੌਕ (ਝੀਲਾਂ ਵਾਲੀ ਤਿਕੋਣੀ) ਬਠਿੰਡਾ ਸਥਾਪਿਤ ਕਰਨ ਸਮੇਂ ਦਿਨ-ਰਾਤ ਤਨ-ਮਨ ਨਾਲ ਸੇਵਾ ਕੀਤੀ। ਸੰਤ ਜੀ ਨੇ ਗੁਰਬਾਣੀ ਦਾ ਰਸ ਆਪ ਵੀ ਮਾਣਿਆ ਤੇ ਅਨੇਕਾਂ ਹੀ ਪ੍ਰਾਣੀਆਂ ਵਿੱਚ ਇਸ ਰਸ ਨੂੰ ਮਾਣਨ ਦਾ ਚਾਅ ਪੈਦਾ ਕੀਤਾ। ਸੇਵਾ ਪੰਥੀਆਂ ਦਾ ਅਨਮੋਲ ਰਤਨ,ਸੇਵਾ-ਸਿਮਰਨ,ਪਰਉਪਕਾਰ ਦੀ ਮੂਰਤ ਸੰਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ' 24 ਸਾਲ ਦੀ ਉਮਰ ਬਤੀਤ ਕਰਕੇ 17 ਅਪ੍ਰੈਲ 2003 ਈ: ਦਿਨ ਵੀਰਵਾਰ ਨੂੰ ਸਵੇਰੇ 7-15 ਵਜੇ ਗੁਰੂ ਚਰਨਾਂ ਵਿੱਚ ਅਭੇਦ ਹੋ ਗਏ।

सेवा, सिमरन, सादगी, त्याग और पर-उपकार की मूर्ति

# महंत गुलाब सिंघ जी "सेवा पंथी"

- भगत सिंघ हीरा

हिन्दी रूप : सागर कोटकपूरा

आपका जन्म जिला मियांवाली के फ़ाजिल नामक गांव में सरदार खजान सिंघ तथा माता सेवा बाई के यहां सन् 1871 में हुआ। भाई खजान सिंघ टिकाना भाई जगता जी नूरपुर के श्रद्धालु थे। आप मालवा देश में ऊंटों व बैलों का व्यापार करते थे। आप अक्सर टिकाना साहिब पर भाई लखमी दास के दर्शन करने हेतु आया जाया करते थे। एक बार टिकाना साहिब नूरपुर से वापस घर लौटते हुए आपने संकल्प किया कि यदि इस बार परमात्मा ने मेरे घर लड़के को जन्म दिया तो मैं उसे डेरे को अर्पित कर दूंगा।



परमात्मा की कृपा से ऐसा ही हुआ। उनके यहां पुत्र का जन्म हुआ। बालक का नाम गुलाब सिंघ रखा गया। बालक अभी दो वर्ष का ही था कि भाई खजान सिंघ का अन्तिम समय आ गया। भाई खजान सिंघ ने अपनी पत्नी और भाई निधान सिंघ को कहा कि मैनें गुलाब सिंघ को टिकाना भाई जगता जी नूरपुर को सौंपने का संकल्प किया हुआ है। इसे वहां भाई लखमी दास जी को दे आना। यह कह कर भाई खजान सिंघ परलोक सिधार गये। जब बालक दस वर्ष का हुआ तो उसे टिकाना पर पहुंचा दिया गया।

पुत्र मोहवश माई सेवा बाई बालक को वापस घर ले आई। बालक बीमार पड़ गया, फिर वापस भेज दिया। इस प्रकार तीन चार बार हुआ। जब बालक को ले आया करें तो वह बीमार हो जाए, आखिर पक्के तौर पर बालक को टिकाना के सपुर्द कर दिया।

भाई गुलाब सिंघ ने टिकाणे में पशुओं की सेवा संभाल की ड्यूटी संभाली। आप पशुओं को चारा पानी डालने और गोबर आदि उठा कर सफाई आदि करने में मग्न रहते। आप आठों पहर अपने काम में मस्त रहते। 'हाथ-पांव कर काम सब चीत्त निरंजन नाल' की अवस्था में मस्त रहने लगे। यहां तक कि आप नहाने-धोने और अपनी साफ-सफाई का भी ध्यान न रखते बस सेवा और

सिमरन में ही लगे रहते। महंत भाई लखमी दास जी इन की इस अलमस्त अवस्था में सेवा सिमरन से बहुत प्रभावित होते थे।

महंत भाई लखमी दास ने अनुभव किया कि उनका अन्तिम समय आ पहुंचा है। उन्होंने सरदार भगत सिंघ तथा पंचायत से सलाह मशवरा करने के बाद पशुओं के बाड़े में सेवा कमा रहे भाई गुलाब सिंघ को बुलाया। उन्हें स्नान करवा कर नये वस्त्र पहनाये गये और दस्तार बंदी की रस्म करके टिकाने की सेवा संभाल उन्हें सौंप दी। यह घटना सन् 1908 की है। इसके लगभग एक माह बाद महंत लखमी दास जी गुरूपुरी प्याना कर गये।

जब आपने (महंत गुलाब सिंह) डेरा की सेवा (महंती) सम्भाली तो यह डेरा तीन हजार रूपए का ऋणी था। रूपये लेने वाले महंत जी को प्रायः परेशान करते रहते थे। तंग आकर एक दिन आपने बाबा जगता जी की समाध पर अरदास करके डेरे का काम चलाने तथा कर्जा उतारने के लिये धन की मांग की। अरदास स्वीकार हुई। चारों ओर से भरपूर धन आने लगा। थोड़े ही दिनों में धन की कोई कमी न रही और डेरा मालामाल हो गया।

थोड़े दिनों में ही कच्चे मकान सुन्दर पक्के भवनों में बदल गये। दरबार भवन के इलावा कई रिहायशी कमरे व सरायें बन गई। यहां तक कि पशुओं के लिये भी पक्के स्थान बनाये गये। साधवाला, लायलपुर और मिठा टिवाणा में जमीन और मकान टिकाना की मल्कीयत में खरीदे गये और श्री अमृतसर में भी एक भवन बनाया गया।

आपका सादा पहरावा, नूरानी चेहरा, सखी हाथ, चिन्तारहित दर्शन और प्रेम भरपूर स्वभाव हर आने वाले को प्रभावित करता। 'जो आवे सो राजी जावे' से इस डेरा की शान बन गई। आप गुलाब की तरह हर समय खिले रहते, उदासी नाम की कोई चीज आपके यहां नहीं थी। जमाल और जलाल आपको विरसे में मिला था। 'सबको मीत हम आपन कीना' के धारणी थे। आप सभी श्रद्धालुओं को प्यार तो देते थे बच्चों की तरह और सत्कार देते थे बड़ों की तरह। हर आदमी आपको अपना निकटवर्ती समझता था। आप जहां धीरजवान, सहनशील, उदार-चित्त, नम्र, मेहरबान, दानी, सखी और सहायक थे वहां जती, सती, संतोखी, नितनेमी भक्त, दानी और ब्रहमज्ञानी भी थे। अपने क्षेत्र में आपने बहुत सारे सहिजधारियों को सिख और सिखों को अमृतधारी बनाया। सिखी, सेवा व बाणी-बाणे का फैलाव आपकी सिख जगत को बहुत बड़ी देन है।

आपके परोपकारी जीवन की अनेकों उदाहरणें हैं, उनमें कुछ एक

निम्नलिखित हैं :-

नूरपुर का मोहन सिंघ नामक आदमी आपका विरोधी हो गया। उसने आपके विरूद्ध इश्तिहार निकाले, जलसे किये, भंडी प्रचार किया और गाली गलौच तक भी किया। आप बिलकुल शान्त व बेप्रवाह रहे और इस ओर ध्यान तक नहीं दिया। दुर्भाग्यवश उसके बीस वर्ष के नौजवान पुत्र की मृत्यु हो गई। परम्परानुसार टिकाणे पर माथा टेकने गये तो महंत साहिब ने स्वयं आकर अर्थी पर चादर चढ़ाई और उसकी आत्मिक शांति के लिये अरदास की। ऐसे निरवैर व्यवहार से मोहन सिंघ ऐसा प्रभावित हुआ कि चरणों पर गिर पड़ा और भविष्य में आपका अनिन सेवक बन गया।

## वाक सिद्धि

गौहर वाला गांव में आपके बहुत श्रद्धालु थे। वे हर बार लंगर के लिये लकड़ियां नूरपुर पहुंचाया करते थे और बाबा जी का गुणगान किया करते थे। एक दिन वहां का मुसलमान रईस कहने लगा कि तुम्हारे बाबा को तब मानूं जो मुझ निस्सन्तान को पुत्र बख्श दे। श्रद्धालुओं के कहने पर वह नूरपुर बाबा जी के यहां गया। जानी जान बाबा जी ने उसे थापना देते हुये कहा कि जा मलिक तेरे घर दो पुत्र होंगे, साधुओं की परीक्षा नहीं लिया करते। उस मलिक के घर दो पुत्रों ने जन्म लिया। मलिक आपका श्रद्धालु बन गया और 1947 का बटवारा होने तक वह हर वर्ष समागम पर अपने पुत्रों सहित दर्शन करने हेतु आता रहा। बाद की वाहिगुरू जाने।

## भविष्यवाणी

सन् 1942 में आप मालवा क्षेत्र में आये और लखी जंगल में कुछ देर रहे। कुछ लोगों ने विनय की कि इस क्षेत्र में सिखी के प्रचार हेतु यहां भी टिकाणे की कोई ब्रांच बना दें तो सहज ही आपने कहा कि ब्रांच क्या सारा टिकाणा ही इधर आ जायेगा। आज वह टिकाणा गोनियाना में स्थापित है जो आपकी भविष्यवाणी की पूर्णता की साक्षात उदाहरण है।

सन् 1940 की बात है, आपके पास ज़ैलदार जवाहर सिंघ आये और बातों ही बातों में कहने लगे कि महाराज ! अब समय बदल गया है, टिकाणे के साथ कोई स्कूल, कालिज और हस्पताल खोलने चाहियें। महंत जी हंस कर कहने लगे कि भाई मैं तो पढ़ा नहीं हूं, यह काम मेरे से तो हो नहीं पायेंगे, हां यह लड़का तीर्थ (भाई तीर्थ सिंघ जो बचपन में थे और महंत जी के पास खड़े थे) आप भी पढ़ जायेगा और स्कूल कालिज व हस्पताल भी चलायेगा। ढेर सारे

चलायेगा। महंत जी की यह भविष्यवाणी सच्ची सिद्ध हुई। आज अनेकों स्कूल, कालिज, इंजिनीयरिंग कालिज, मैडीकल कालिज व हस्पताल टिकाणा भाई जगता जी साहिब के साथ महंत भाई तीर्थ सिंघ जी 'सेवा पंथी' द्वारा चलाये जा रहे हैं। 'साध वचन अटलाधा' वचन अटल सिद्ध हुआ।

## 1947 के बंटवारे समय

सन् 1947 में देश आजाद तो हो गया पर इसके दो टुकड़े (भारत और पाकिस्तान) कर दिये गये। उस समय मार काट, लूटपाट की जोरदार अन्धेरगर्दी मची। भाई बहनों की तरह रहने वाले हिन्दु मुसलमान जनून के प्रभाव कारण एक दूसरे के खून के प्यासे हो गये। हर ओर कत्ल, आगजनी, लूटपाट और मारकाट का दौर दौरा हो गया। नूरपुर पाकिस्तान में आ गया। यहां की हिन्दु सिख आबादी को भारत चले जाना था। मुसलमानों ने यहां हिन्दु सिक्खों को मारना और लूटना शुरू कर दिया।

इस अन्धेरगर्दी में पांच हजार के लगभग हिन्दु सिक्खों ने टिकाणा सहिब में पनाह ली। किलानुमा इस टिकाणा में अनाज पर्याप्त मात्रा में मौजूद था। कई महीने लोगों ने यहां गुजारे। कई बार आक्रमण भी हुये पर बाबा जगता जी की जाहरा कला और शक्ति के कारण किसी का भी जान व माल का कोई नुक्सान नहीं हुआ।

इस प्रकार पांच हजार हिन्दु सिक्ख सही सलामत पहले सरगोधा फिर भारत पहुंच गये। सबसे आखिरी काफिले के साथ महंत गुलाब सिंघ जी भारत आये। कुछ समय श्री अमृतसर रहे, फिर अम्बाला आदि स्थानों पर होते हुये गोनियाना मण्डी आ गये। एक मकान खरीद कर यहां टिकाणा भाई जगता जी की स्थापना की।

सन् 1950 में वैसाखी के त्योहार पर आप श्री अमृतसर गये। पावन सरोवर में स्नान किया, श्री गुरू रामदास जी के स्थान के दर्शन दीदारे किये और कुछ दिन वहीं सेवा पंथी टिकाणों पर ठहराव किया। अकाल पुरख के अटल हुक्म अनुसार 21 अप्रैल को इस आसार संसार को अलविदा कह कर गुरपुरी को प्याना कर गये।

जिऊं जल महि जल आइ खटाना।।
तिउं जोती संग जोत समाना।।

# ਨਿੱਤ ਕਰਮ ਕਰਨ ਸਮੇਂ ਗੁਰਬਾਣੀ ਦੇ ਸ਼ਬਦ

**ਸੁੱਖ ਵੇਲੇ ਸ਼ੁਕਰਾਨਾ ★ ਦੁੱਖ ਵੇਲੇ ਅਰਦਾਸ ★ ਹਰ ਵੇਲੇ ਸਿਮਰਨ**

**ਸਵੇਰੇ ਉਠਦੇ ਸਾਰ :**

★ ਰਾਮ ਰਾਮ ਸੰਗਿ ਕਰਿ ਬਿਉਹਾਰ ॥ ਰਾਮ ਰਾਮ ਪ੍ਰਾਨ ਅਧਾਰ ॥ ਰਾਮ ਰਾਮ ਰਾਮ ਕੀਰਤਨੁ ਗਾਇ ॥ ਰਮਤ ਰਾਮੁ ਸਭ ਰਹਿਓ ਸਮਾਇ ॥ ਸੰਤ ਜਨਾ ਮਿਲਿ ਬੋਲਹੁ ਰਾਮ ॥ ਸਭ ਤੇ ਨਿਰਮਲ ਪੂਰਨ ਕਾਮ ॥੧॥ਰਹਾਉ॥

★ ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥ ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ ॥

**ਇਸ਼ਨਾਨ ਕਰਨ ਵੇਲੇ :**

★ कर इसनान सिमर प्रभ अपना मन तन भए अरोगा।

**ਪਾਣੀ ਪੀਣ ਵੇਲੇ :**

★ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਵਾਹਿਗੁਰੂ ਤੇਰਾ ਸ਼ੁਕਰ ਹੈ ॥

**ਖਾਣਾ ਖਾਣ ਵੇਲੇ :**

★ ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥ ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥

★ ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥

**ਤਿਆਰ ਹੋਣ ਵੇਲੇ :**

★ ਮਿਥਿਆ ਰਾਜ ਜੋਬਨ ਧਨ ਮਾਲ ॥ ਮਿਥਿਆ ਕਾਮ ਕ੍ਰੋਧ ਬਿਕਰਾਲ ॥

★ ਜਿਹ ਪ੍ਰਸਾਦ ਤੇਰਾ ਸੁੰਦਰ ਰੂਪੁ ॥ ਸੋ ਪ੍ਰਭੁ ਸਿਮਰਹੁ ਸਦਾ ਅਨੂਪ ॥

**ਬਾਹਰ ਜਾਣ ਵੇਲੇ :**

★ ਘਰ ਬਾਹਰ ਤੇਰਾ ਭਰਵਾਸਾ ॥ घर बाहर तेरा भरवासा ॥

★ ਖੜਗ ਕੇਤ ਮੈਂ ਸਰਨਿ ਤਿਹਾਰੀ ॥ ਆਪੁ ਹਾਥ ਦੈ ਲੇਹੁ ਉਬਾਰੀ ॥
ਸਰਬ ਠੌਰ ਮੋ ਹੋਹੁ ਸਹਾਈ ॥ ਦੁਸਟ ਦੋਖ ਤੇ ਲੇਹੁ ਬਚਾਈ ॥

**ਰਾਤੀ ਸੋਣ ਵੇਲੇ :**

★ **ਕੀਰਤਨ ਸੁਹੇਲਾ** : ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖ ਹੋਇ ॥ਰਹਾਉ॥

वाहिगरू गुर मंत्र है जप होमे खोई। खाली समय बैठ के आपने सवासा दी पून्जी नूं खराब न करो। वाहिगुरू वाहिगुरू जपो।

- ਸੇਵਾਜੋਤੀ ਦੇ ਪਾਠਕ ਵੱਲੋਂ

# ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ॥

*(In His pleasure, God created Khalsa)*

# KHALSA

(God, in His will, created the Khalsa)

- ਸਤਿਨਾਮ ਕੌਰ ਮੁੰਬਈ

- *On the first day of Baisakh, in the year 1699, Guru Gobind Singh Ji, the Tenth Spiritual Master of the Sikhs, created the 'Khalsa'*
- *The word 'Khalsa' means Without any impurity, Ordained by God and He who has recognised his True Self.*
- *"Khalsa" is a Persian word and it indicates :*

1. *He who immersed in God's Name*
   ਖ਼ਾਲਸਾ ਸੋਇ ਨਾਮ ਰਤਿ ਲਾਗੇ
2. *Pure, noble and devoted to God*
   ਕਹੁ ਕਬੀਰ ਜਨ ਭਏ ਖ਼ਾਲਸੇ ਪ੍ਰੇਮ ਭਗਤਿ ਜਿਹ ਜਾਨੀ
3. *He who has recognised the Inner Self*
   ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ ॥

- *Guru Gobind Singhji gifted the Holy Nectar (Amrit) and the 5-K's to the 'Khalsa'. The 5 - K's are Kesh, kachha, karha, kangha and kirpan.*
- *the 'Five Beloved' (Panj Piayare) were first baptised and transformed into 'Khalsa' by Guru Gobind Singhji*
- *They hailed from different parts of the country, and belonged to different casters and occupations.*
- *The names of the 'Five Beloved' reflect important qualities which can take us closer to God and help us become pure (Khalsa)*

1. *Daya Singh : Compassion and Sympathy*
2. *Dharam Singh : Truth and Discipline*
3. *Himmat Singh : Strength and Courage*
4. *Mohkam Singh : Determination and Fortitude*
5. *Sahib Singh : Royalty and Nobleness.*

*Guru Gobind Singhji started the salutation :*

***"Waheguru Ji a Khalsa***
***Waheguru Ji Ki Fateh"***

*which means "The Khalsa is of the Creator and Victory shall be of the Creator"*

"ਮਿਲੈ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ" (1415 ਤੋਂ 1475 ਈ.)



# ਭਗਤ ਧੰਨਾ ਜੀ

ਅਬਨਾਸ਼ੀ ਸਿੰਘ

14ਵੀਂ, ਪੰਦਰਵੀ ਸਦੀ ਵਿਚ ਭਗਤੀ ਲਹਿਰ ਆਪਣੇ ਸਿਖਰ ਤੇ ਸੀ ਅਤੇ ਕਈ ਨੀਵੀਆਂ ਜਾਤੀਆਂ ਤੇ ਗਰੀਬ ਤਬਕਿਆਂ ਨਾਲ ਸੰਬੰਧ ਰੱਖਣ ਵਾਲੇ ਰੱਬੀ ਪਿਆਰਿਆਂ ਨੇ ਜਦ ਇਸ ਦੌਰ ਵਿਚ ਅਧਿਆਤਮਿਕ ਵਡਿੱਤਣ ਪ੍ਰਾਪਤ ਕਰਕੇ ਜਸ ਖੱਟਿਆ ਤਾਂ ਉਨ੍ਹਾਂ ਦੀ ਦੇਖੋ -ਦੇਖੀ ਕਈ ਹੋਰ ਅਜਿਹੀਆਂ ਜ਼ਾਤ ਬਰਾਦਰੀਆਂ ਵਿਚੋਂ ਕੁਝ ਜਗਿਆਸੂ ਪ੍ਰਭੂ ਭਾਲ ਵਿਚ ਨਿੱਤਰੇ। ਧੰਨਾ ਜੀ ਇਕ ਅਜਿਹੇ ਪ੍ਰਭੂ ਉਪਾਸ਼ਕ ਸਨ। ਗੁਰੂ ਅਰਜਨ ਦੇਵ ਜੀ ਲਿਖਦੇ ਹਨ ਕਿ ਧੰਨਾ ਜੀ ਨੇ ਨਾਮਦੇਵ ਜੀ ਵੱਲੋਂ ਕਮਾਈ ਸੋਭਾ ਸੁਣੀ, ਕਬੀਰ ਜੀ ਦਾ ਜਸ ਦੇਖਿਆ, ਰਵਿਦਾਸ ਜੀ ਦੀ ਸੋਭਾ ਸੁਣੀ, ਸੈਣ ਜੀ ਦਾ ਬਲਿਹਾਰੇ ਜਾਣ ਵਾਲਾ ਮਰਾਤਬਾ ਜਾਣਿਆਂ ਤਾਂ ਇਨ੍ਹਾਂ ਦੇ ਮਨ ਵਿੱਚ ਵੀ ਪ੍ਰਭੂ ਪ੍ਰਾਪਤੀ ਦਾ ਡੂੰਘਾ ਅਹਿਸਾਸ ਪੈਦਾ ਹੋ ਗਿਆ।

ਈਸਵੀ ਸੰਨ 1415 ਨੂੰ ਰਾਜ ਪੂਤਾਨੇ ਦੇ ਟਾਂਕ ਇਲਾਕੇ ਦੇ ਧੂਆਨ ਪਿੰਡ ਵਿੱਚ ਇੱਕ ਗਰੀਬ ਜੱਟ ਪਰਿਵਾਰ ਵਿੱਚ ਜਨਮੇ ਧੰਨਾ ਜੀ ਉਨ੍ਹਾਂ ਸਿਦਕਵਾਨਾਂ ਵਿੱਚੋਂ ਇਕ ਸਨ ਜੋ ਆਪਣੇ ਜੀਵਨ ਨਿਰਬਾਹ ਲਈ ਕੰਮ ਕਾਜ ਵਿੱਚ ਖਚਤ ਹੁੰਦੇ ਹੋਏ ਵੀ ਅਕਾਲ ਪੁਰਖ ਦੀ ਉਸੱਤਤ ਵਿੱਚ ਸ਼ਰਧਾਮਈ ਭਾਵਨਾ ਨਾਲ ਜੁਟੇ ਰਹਿੰਦੇ। ਇਸੇ ਸਿਦਕੀ ਭਾਵਨਾ ਨੇ ਧੰਨਾ ਜੀ ਨੂੰ ਅਕਾਲ ਪੁਰਖ ਦੇ ਦਰਸ਼ਨ ਇਕ ਪੱਥਰ ਵਿੱਚੋਂ ਕਰਵਾਏ। ਸਾਦਾ ਦਿਲ ਤੇ ਨੇਕ ਸੁਭਾਅ ਵਾਲੇ ਧੰਨਾ ਜੀ ਨੇ ਪੰਡਿਤ ਦੇ ਕਹੇ ਤੋਂ ਪੱਥਰ ਨੂੰ ਭਗਵਾਨ ਸਮਝਿਆ ਅਤੇ ਉਸ ਨੂੰ ਭੋਗ ਲਾਉਣ ਲਈ ਬੇਨਤੀ ਕੀਤੀ ਅਤੇ ਬਾਰ-ਬਾਰ ਇਹੀ ਕਹਿਣ ਲੱਗ ਪਏ ਕਿ ਜਦ ਤੱਕ ਭਗਵਾਨ ਭੋਗ ਨਹੀਂ ਲਗਾਉਣਗੇ ਉਹ ਕੁਝ ਸੇਵਨ ਨਹੀਂ ਕਰਨਗੇ। ਗੁਰਦਾਸ ਜੀ ਨੇ ਇਸ ਸਾਰੀ ਵਿਥਿਆ ਨੂੰ ਬੜੇ ਸੁਹਣੇ ਰੂਪ ਵਿਚ ਦਸਵੀ ਵਾਰ ਦੀ 13ਵੀਂ ਪਉੜੀ ਵਿੱਚ ਦਰਜ ਕੀਤਾ ਹੈ ਜੋ ਇਵੇਂ ਹੈ:

ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ।
ਧੰਨੈ ਡਿਠਾ ਚਲਿਤੁ ਏਹੁ ਪੂਛੈ ਬਾਮ੍ਹਣੁ ਆਖਿ ਸੁਣਾਵੈ।

ਉਕਤ ਵਿਚਾਰਾਂ ਨਾਲ ਸੰਜੋਇਆ ਹੋਇਆ ਗੁਰੂ ਅਰਜਨ ਦੇਵ ਜੀ ਦਾ ਸਬਦ ਗੁਰੂ ਗ੍ਰੰਥ ਸਾਹਿਬ ਦੇ ਪੰਨਾਂ 488 ਤੇ ਸੁਸ਼ੋਭਿਤ ਹੈ ਜਿਸ ਵਿੱਚ ਧੰਨੇ ਬਾਰੇ ਅੰਤਲੀਆਂ ਦੋ ਪੰਗਤੀਆਂ ਵਿੱਚ ਇਵੇਂ ਜ਼ਿਕਰ ਹੈ:

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥

ਭੋਲੇਂ ਭਾਲੇ ਸਾਦਾ ਲੋਹ ਭਗਤ ਦੀ ਦ੍ਰਿੜ ਧਾਰਨਾ ਨੂੰ ਪਰਵਾਨ ਕਰਦਿਆਂ ਹੋਇਆ ਆਖਿਰ ਭਗਵਾਨ ਨੂੰ ਇਨ੍ਹਾਂ ਦੇ ਪੱਥਰ ਦੇ ਟੁੱਕੜੇ ਵਿੱਚ ਹੀ ਠਾਕੁਰ ਦਾ ਰੂਪ ਧਾਰਨ ਕਰਕੇ ਦੁੱਧ ਪੀਣਾ ਪਿਆ। ਧੰਨਾ ਜੀ ਦੇ ਅਹਿਲ ਨਿਸ਼ਚੇ ਦੀ ਜਿੱਤ ਹੋਈ ਤੇ ਸਹਿਜ ਸੁਭਾਏ ਇਸ ਲਾਮਿਸਾਲ ਪ੍ਰਾਪਤੀ ਸਦਕਾ ਉਹ ਪ੍ਰਭੂ ਵਿੱਚ ਮਗਨ ਹੋ ਗਏ। ਸੁੱਚੇ ਨਿਸ਼ਚੇ ਤੇ ਭੋਲੇ ਭਾਉ ਨਾਲ ਵਾਹਿਗੁਰੂ ਨੂੰ ਪਸੀਜਣਾ ਕਿਤਨਾ ਸੌਖਾ ਹੈ, ਇਹ ਗੱਲ ਧੰਨਾ ਜੀ ਦੇ ਉਕਤ ਕਰਤੱਵ ਤੋਂ ਬਖੂਬੀ ਦ੍ਰਿੜ ਹੁੰਦੀ ਹੈ।

ਭੋਲੇ ਭਾਇ ਮਿਲੇ ਰਘੁਰਾਇਆ ॥

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਧੰਨੇ ਵਡਭਾਗੇ ਦੇ ਰਚੇ ਤਿੰਨ ਸ਼ਬਦ ਰਾਗੁ ਆਸਾ ਤੇ ਧਨਾਸਰੀ ਵਿਚ ਮਿਲਦੇ ਹਨ ਜਿਨ੍ਹਾਂ ਵਿਚੋਂ ਪੰਨਾ 487 ਤੇ ਅੰਕਤ ਆਪਣੇ ਸ਼ਬਦ-

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥

ਵਿੱਚ ਫਰਮਾਉਂਦੇ ਹਨ ਕਿ : ਐ ਮਨੁੱਖ ਭਟਕਣ ਅੰਦਰ ਕਾਫੀ ਜਨਮ ਬਤੀਤ ਹੋ ਚੁੱਕੇ ਹਨ। ਦੇਹ, ਧਨ ਤੇ ਦੌਲਤਾਂ ਥਿਰ ਨਹੀਂ ਰਹਿੰਦੀਆਂ । ਲੋਭ ਤੇ ਵਿਸ਼ੇ ਵਿਕਾਰਾਂ ਦੇ ਭੋਗਾਂ ਦੇ ਜ਼ਹਿਰ ਨੇ ਪ੍ਰਾਣੀ ਨੂੰ ਆਪਣੇ ਸਵਾਮੀ ਤੋਂ ਦੂਰ ਕਰ ਦਿੱਤਾ ਹੈ । ਭਗਤ ਜੀ ਅਕਾਲ ਪੁਰਖ ਦੀ ਸ਼ਲਾਘਾ ਵਿੱਚ ਆਰਤਾ ਕਰਦੇ ਹੋਏ ਜਿਥੇ ਉਸ ਦੀ ਉਪਾਸ਼ਨਾ ਕਰਦੇ ਹਨ ਉਥੇ ਨਿਧੜਕ ਹੋ ਕੇ ਇਕ ਗ੍ਰਹਿਸਤੀ ਦੇ ਜੀਵਨ ਨਿਰਬਾਹ ਲਈ ਉਸ ਦੀਆਂ ਲੋੜਾਂ ਦੀ ਪੂਰਤੀ ਵਾਸਤੇ ਦੁਨਿਆਵੀ ਪਦਾਰਥਾਂ ਦੀ ਵੀ ਮੰਗ ਕਰਦੇ ਹਨ । ਰਹਿਣ ਲਈ ਘਰ ਮੰਗਦੇ ਹਨ, ਪਰਿਵਾਰ ਚਲਾਉਣ ਲਈ ਘਰਵਾਲੀ, ਚੜ੍ਹਨ ਲਈ ਚੰਗੀ ਘੋੜੀ ਤੇ ਪੇਟ ਭਰਨ ਲਈ ਦਾਲਾਂ, ਘਿਉ, ਆਟਾ, ਲੂਣ, ਮਿਰਚ, ਮਸਾਲੇ ਆਦਿ ਸਭ ਕੁਝ । ਗੁਰੂ ਗ੍ਰੰਥ ਸਾਹਿਬ ਦੇ ਪੰਨਾ 695 ਤੇ ਰਾਗ ਧਨਾਸਰੀ ਵਿਚ ਇਸ ਆਸ਼ੇ ਦਾ ਸ਼ਬਦ ਇਵੇਂ ਹੈ :

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥
ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
ਪਨੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀਕਾ ॥੧॥
ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥

ਕਿਸੇ ਵੀ ਭਗਤ ਨੇ ਇਸ ਦਲੇਰੀ ਨਾਲ ਆਪਣੀਆਂ ਦੁਨਿਆਵੀ ਲੋੜਾਂ ਦੀ ਪੂਰਤੀ ਲਈ ਪ੍ਰਭੂ ਪਿਤਾ ਤੋਂ ਅਜਿਹੀ ਜ਼ੋਰਦਾਰ ਮੰਗ ਨਹੀਂ ਕੀਤੀ ਹੋਣੀ ਜਿਵੇ ਕਿ ਭਗਤ ਧੰਨਾ ਜੀ ਤੇ ਕਬੀਰ ਜੀ ਨੇ ਕੀਤੀ ਹੈ । ਉਹ ਇਹ ਕਹਿਣ ਵਿਚ ਬਿਲਕੁੱਲ ਬਜਾ ਹਨ ਕਿ ਭੁਖਿਆ ਭਗਤੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਭੁਖ ਦੀ ਅੱਗ ਦਾ ਸੇਕ ਮਨ ਤੇ ਆਤਮਾ ਨੂੰ ਵੀ ਲੂਸ ਦੇਂਦਾ ਹੈ । ਜੇ ਭੁੱਖ ਦੀ ਲਾਚਾਰੀ ਇਸ ਹੱਦ ਤੱਕ ਵੱਧ ਜਾਵੇ ਤਾਂ ਕਬੀਰ ਜੀ ਤਾਂ ਭਗਤੀ ਕਰਨ ਵਾਲੀ ਮਾਲਾ ਵੀ ਭਗਵਾਨ ਨੂੰ ਵਾਪਸ ਕਰਨ ਨੂੰ ਤਿਆਰ ਹਨ ।

ਧੰਨਾ ਜੀ ਬਾਰੇ ਦਿੱਤੀ ਉਕਤ ਸਾਰੀ ਜਾਣਕਾਰੀ ਤੋਂ ਇਹੀ ਅਨੁਮਾਨ ਹੁੰਦਾ ਹੈ ਕਿ ਭਗਤ ਧੰਨਾ ਜੀ ਵਾਹਿਗੁਰੂ ਦੇ ਲਾਡਲੇ ਬੇਟਿਆਂ ਵਿਚੋਂ ਹਨ ਜੋ ਆਪਣੇ ਪਿਤਾ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਨਿਝੱਕ ਤੇ ਮਾਣ ਨਾਲ ਮੰਗ ਕਰ ਸਕਦੇ ਹਨ ਅਤੇ ਆਪਣੀ ਵੱਡੀ ਤੋਂ ਵੱਡੀ ਮੰਗ ਪੂਰੀ ਕਰਵਾਉਣ ਲਈ ਉਨ੍ਹਾਂ ਨੂੰ ਜੁਗਤ ਵੀ ਆਉਂਦੀ ਹੈ । ਕਈ ਥਾਵਾਂ ਤੇ ਇਸ ਗੱਲ ਦੇ ਸ਼ਕਤੀਸ਼ਾਲੀ ਹਵਾਲੇ ਵੀ ਮਿਲਦੇ ਹਨ ਕਿ ਭਗਤ ਪ੍ਰਭੂ ਦੇ ਬੇਟੇ ਹਨ ਅਤੇ ਗੁਰੂ ਅਰਜਨ ਦੇਵ ਜੀ ਭਗਤਾਂ ਦੇ ਨਿਰਾਲੇ ਕੌਤਕ ਤੇ ਸਿਦਕ ਦੇ ਬਿਨਾਂ ਹੀ ਸ਼ਾਇਦ ਕਹਿੰਦੇ ਹਨ ਕਿ ਅਜਿਹੇ ਨਿਸ਼ਚੇ ਵਾਲੇ ਭਗਤਾਂ ਨੇ ਅਕਾਲ ਪੁਰਖ ਨੂੰ ਸਉਤਰਾ ਬਣਾ ਦਿੱਤਾ ਹੈ ਕਿਉਂਕਿ ਇਹ ਉਸ ਦੀ ਲਾਡਲੀ ਔਲਾਦ ਹਨ । ਗੁਰੂ ਅਰਜਨ ਦੇਵ ਜੀ ਦੇ ਉਕਤ ਵਿਚਾਰਾਂ ਵਾਲੇ ਸ਼ਬਦ ਦੀ ਪੰਗਤੀ ਇਵੇਂ ਹੈ :

ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥
ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ ॥

ਪਵਿੱਤਰਤਾਂ ਦੇ ਪੁਸ਼ਪਾਂ ਨਾਲ, ਪ੍ਰੇਮ ਭਿਜੇ ਪਰਵਚਨਾਂ ਨਾਲ, ਸੱਚ ਰੂਪੀ ਸੁੱਚਮਤਾ ਨਾਲ, ਸਿਦਕ ਵਾਲੇ ਸਿਰੜ ਨਾਲ ਆਪਣੇ ਆਕਲ ਪੁਰਖ ਦੀ ਤਨੋਂ ਮਨੋਂ ਅਰਾਧਨਾ ਵਿੱਚ ਲੀਨ ਹੋਏ ਭਗਤ ਧੰਨਾ ਜੀ 60 ਸਾਲ ਦੀ ਆਯੂ ਭੋਗ ਕੇ 1475 ਈ ਨੂੰ ਪਰਲੋਕ ਸੁਧਾਰ ਗਏ ।

ਮਾਨਵਤਾ ਉਨਾਂ ਵੱਲੋਂ ਪਾਏ ਪੂਰਨਿਆਂ ਤੇ ਚੱਲ ਕੇ ਸਹਿਜੇ ਹੀ ਪ੍ਰਭੂ ਪ੍ਰਾਪਤੀ ਦੇ ਮਹਾਨ ਕਾਰਜ ਨੂੰ ਸਰਲਤਾ ਪੂਰਵਕ ਢੰਗ ਨਾਲ ਮੁਕੰਮਲਤਾ ਤੱਕ ਲੈ ਜਾ ਸਕਦੀ ਹੈ । ਧੰਨਾ ਜੀ ਦਾ ਜੀਵਨ ਇਸ ਸਿਲਸਿਲੇ ਵਿੱਚ ਪ੍ਰਤੱਖ ਮਿਸਾਲ ਹੈ ਜੋ ਸਾਡੀ ਇਸੇ ਖੇਤਰ ਵਿੱਚ ਠੋਸ ਤੇ ਨਿਰੰਤਰ ਅਗਵਾਈ ਕਰਦੀ ਹੈ । ਆਪਣੇ ਅਦੁੱਤੀ ਗੁਣਾਂ ਸਦਕੇ ਧੰਨਾ ਜੀ ਧਾਰਮਿਕ ਇਤਿਹਾਸ ਦਾ ਗੌਰਵ ਹੈ ।

# ਅਕਾਲ ਚਲਾਣਾ

-ਪ੍ਰਿੰ: ਸਤਿਬੀਰ ਸਿੰਘ

ਅਕਾਲ ਚਲਾਣੇ ਵੇਲੇ ਸਿੱਖ ਨੂੰ ਕੀ ਮਰਯਾਦਾ ਅਪਨਾਉਣੀ ਚਾਹੀਦੀ ਹੈ ?

ਸਾਨੂੰ ਹੁਕਮ ਹੈ ਕਿ ਰੋਜ਼ ਰਾਤ ਨੂੰ ਸੌਣ ਵੇਲੇ ਸੋਹਿਲਾ ਦਾ ਪਾਠ ਕਰਨਾ ਹੈ ਅਤੇ ਫਿਰ ਹੁਕਮ ਹੈ ਕਿ ਜਦ ਮ੍ਰਿਤਕ ਦੇਹ ਨੂੰ ਚਿਖਾ ਤੇ ਰੱਖ ਲਾਂਬੂ ਲਗਾਉ ਤਾਂ ਸੋਹਿਲਾ ਦਾ ਪਾਠ ਕਰ ਅਰਦਾਸ ਕਰਨੀ ਹੈ। ਇਥੋਂ ਇਤਨੀ ਸੂਝ ਮਿਲੀ ਹੈ ਕਿ ਮੌਤ ਇੱਕ ਲੰਬੀ ਨੀਂਦ ਹੈ ਅਤੇ ਨੀਂਦ ਇੱਕ ਛੋਟੀ ਮੌਤ ਹੈ।

ਖਿਡਾਵੀ ਜਾਂ ਖਿਡਾਵਾ (ਦਾਈ-ਦਾਇਆ) ਬੱਚੇ ਨੂੰ ਖਿਡਾਂਦੀ ਹੈ ਜਦ ਮਾਪੇ ਬੱਚੇ ਨੂੰ ਲੈ ਜਾਂਦੇ ਹਨ ਤਾਂ ਖਿਡਾਵੇ ਰੋਂਦੇ ਤਾਂ ਨਹੀਂ ਸਗੋਂ ਭਾਰ ਹੌਲਾ ਹੋਇਆ ਸਮਝਦੇ ਹਨ। ਸੋ ਜਦ ਕੋਈ ਪ੍ਰਭੂ ਦੀ ਗੋਦ ਵਿੱਚ ਜਾਂਦਾ ਹੈ ਤਾਂ ਮਾਂ-ਬਾਪ ਸੰਬੰਧੀਆਂ ਦਾ ਰੋਣਾ ਫਜ਼ੂਲ ਹੈ। ਸਰੀਰ ਇਹ ਰਹਿਣਾ ਨਹੀਂ, ਆਤਮਾ ਜਾਣੀ ਹੈ ਸਦਾ ਚੇਤੇ ਰੱਖਣਾ ਕਿ ਜੋ ਵੀ ਪ੍ਰਭੂ ਨੇ ਬਣਾਇਆ ਹੈ। ਉਹ ਸੁੱਖਦਾਈ ਹੈ। ਗੁਰੂ ਨੇ ਸਿੱਖ ਨੂੰ ਸਮਝਾ ਦਿੱਤਾ ਹੈ ਕਿ ਸਰੀਰ ਰੂਪੀ ਘੜੇ ਟੁੱਟਣ ਨਾਲ ਨਾਸ ਕੁੱਝ ਨਹੀਂ ਹੁੰਦਾ ਹੈ। ਜਿਸ ਆਦਰਸ਼ ਲਈ ਸਰੀਰ ਜੀਵਿਆ ਹੈ ਉਹ ਜਿੰਦਾ ਰਹਿੰਦਾ ਹੈ।

ਘਟ ਫੂਟੇ, ਘਟਿ ਕਬਹਿ ਨ ਹੋਈ ॥

ਸਿੱਖ ਨੇ ਸਦਾ ਮੌਤ ਲਈ ਤਿਆਰੀ ਕਸੀ ਰੱਖਣੀ ਹੈ। ਹਸ ਸਰਨਾਗਤ ਜਾਣਾ ਹੈ ਨਾ ਕਿ ਡੁੰਮਣਾ ਦੋਚਿੱਤਾ ਹੈ :

ਤੁਝ ਹੀ ਕੀਆ ਜੰਮਣ ਮਰਣਾ ॥<br>
ਗੁਰ ਤੇ ਸਮਝ ਪੜੀ ਕਿਆ ਡਰਣਾ ॥

ਜਦ ਕਿਤਨੇ ਹੀ ਨਿਕਟਵਰਤੀ ਗੁਰੂ ਹਰਿਗੋਬਿੰਦ ਜੀ ਦੇ ਅੱਖਾਂ ਸਾਹਮਣੇ ਗੁਜਰੇ ਤਾਂ ਉਹਨਾਂ ਹੁਕਮ ਕੀਤਾ ਸੀ :

ਮਿਲਬੇ ਤ ਹਰਖਹਿ ਨਹਿ ਗਿਆਨੀ।<br>
ਬਿਛੁਰੇ ਸ਼ੋਕ ਨ ਦੁਖ ਕੋ ਜਾਨੀ ॥

ਦਮਦਮਾ ਸਾਹਿਬ ਚਾਰ ਸਾਹਿਬਜਾਦੇ ਨਾ ਦੇਖ ਕੇ ਮਾਤਾ ਸੁੰਦਰੀ ਜੀ ਨੇ ਜਰਾ ਕੁ ਉੱਚੀ ਆਵਾਜ਼ ਕੱਢੀ ਤਾਂ ਮਹਾਰਾਜ ਨੇ ਕਿਹਾ ਸੀ :

ਇਸ ਤਰ੍ਹਾਂ ਕਿਉਂ ਵੈਰਾਗ ਕਰਦੇ ਹੋ ਇਹ ਜਗਤ ਤਾਂ ਨਦੀਆਂ ਦੇ ਮੇਲ ਵਾਂਗ ਹੈ ਮਿਲੇ ਤੇ ਫਿਰ ਵਿਛੜੇ ਪੁੱਤਰ ਪਰਾਰਬਧ ਕਰ ਸਾਡੇ ਘਰ ਆਏ ਤੇ ਪਰਉਪਕਾਰ ਹਿਤ ਸੀਸ ਲਗਾ ਚਲੇ ਗਏ।

ਰੋਦਤ ਐਸੇ ਕਿਉਂ ਤੁਮ ਠਾਨਾ। ਜਗਤ ਮੇਲ ਨਦ ਤੁਮਰੀ ਸਮਾਨਾ।<br>
ਮਿਲਨ ਅੰਤ ਮੈਂ ਹੋਇ ਬਿਓਗਾ। ਪਰਾਰਬਧ ਕੇ ਬਸ ਸਭ ਲੋਗਾ।<br>
ਪਰਉਪਕਾਰੀ ਪੁੱਤਰ ਹਮਾਰੇ। ਧਰਮ ਹੇਤ ਜਿਨ ਸੀਸ ਬਿਦਾਰੇ।

ਇਸੇ ਲਈ ਸ੍ਰੀ ਦਰਬਾਰ ਸਾਹਿਬ ਵਿੱਚ ਮ੍ਰਿਤਕ ਦਾ ਅਖੰਡ ਪਾਠ ਨਹੀਂ ਹੁੰਦਾ। ਅਸੀਂ ਐਸੇ ਲਈ ਮਰਨਾ ਵੀ ਨਹੀਂ ਕਹਿੰਦੇ। 'ਅਕਾਲ ਚਲਾਣਾ' 'ਚੜ੍ਹਾਈ ਕਰ ਗਿਆ', 'ਪੂਰਾ ਹੋ ਗਿਆ', 'ਸੱਚਖੰਡ ਪਿਆਨਾ' ਜਾਂ 'ਗੁਜਰ ਗਿਆ' ਕਹਿੰਦੇ ਹਾਂ।

ਰਹਿਤ ਮਰਯਾਦਾ ਵਿੱਚ ਦਰਜ ਹੈ ਕਿ ਪ੍ਰਾਣੀ ਨੂੰ ਮਰਨ ਵੇਲੇ ਜੇ ਮੰਜੇ ਤੇ ਹੋਵੇ ਤਾਂ ਮੰਜੇ ਤੋਂ ਹੇਠਾਂ ਨਹੀਂ ਉਤਾਰਨਾ। ਦੀਵਾ ਵੱਟੀ ਕਦਾਇਤ ਨਹੀਂ ਕਰਨਾ।

ਕੋਈ ਚੀਜ਼ ਗਾਂ ਆਦਿ ਉਸ ਹੱਥ ਲਗਾ ਕੇ ਮਣਸਾਉਣੀ ਨਹੀਂ। ਮਨਮਤਿ ਵਾਲਾ ਕੋਈ ਸੰਸਕਾਰ ਨਹੀਂ ਕਰਨਾ। ਢਾਹ ਨਹੀਂ ਮਾਰਨੀ। ਪਿੱਟਣਾ ਨਹੀਂ। ਅਲਾਹੁਣੀ ਨਹੀਂ ਦੇਣੀ। ਸਿਆਪਾ

ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ-ਵਾਹਿਗੁਰੂ। ਸ਼ੁਕਰ-ਸ਼ੁਕਰ ਕਰਨਾ। ਜਦ ਕੋਈ ਪ੍ਰਚਾਵਨੀ ਕੇ ਵਾਸਤੇ ਆਵੇ, ਆਪਸ ਮੇਂ ਹੁਕਮ ਸਿਉ, ਸ੍ਰੀ ਅਕਾਲ ਪੁਰਖ ਦੀ ਰਜ਼ਾ ਕਹਿ ਕੇ ਬੈਠ ਜਾਏ।

ਪ੍ਰਾਣੀ ਨੂੰ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ ਸੰਸਕਾਰ ਕਰਨਾ ਚਾਹੀਏ। ਹਾਂ, ਜਿੱਥੇ ਸੰਸਕਾਰ ਦਾ ਪ੍ਰਬੰਧ ਨਾ ਹੋ ਸਕੇ, ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ। ਸੰਸਕਾਰਨ ਲਈ ਦਿਨ ਜਾਂ ਰਾਤ ਭਰਮ ਨਹੀਂ ਕਰਨਾ।

ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤਰ ਪਾਏ ਜਾਣ ਤੇ ਕੱਕਾਰ ਜੁਦਾ ਨਹੀਂ ਕਰਨੇ। ਫਿਰ ਤੱਖਤੇ ਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਏ। ਅਰਦਾਸ ਵਿੱਚ ਇਹ ਹੀ ਕਹਿਣਾ ਹੈ ਇਹ ਆਪ ਦਾ ਸਿੱਖ ਆਪਣੇ ਗ੍ਰਿਹਿ ਵਿਖੇ ਜਿਤਨੇ ਸੁਆਸ ਤੁਸਾਂ ਦਿੱਤੇ ਸਨ, ਭੋਗ ਕੇ ਜਾ ਰਹਿਆ ਹੈ। ਸਦਾ ਨਿਵਾਸ ਦੇਈ ਰੱਖਣਾ।

ਕਲਗੀਧਰ ਨੇ ਹੁਕਮ ਕੀਤਾ ਸੀ ਕਿ ਸਿੱਖ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਨਹੀਂ ਕਰਨੀ ਕਿਉਂਕਿ ਉਸ ਦੀ ਆਤਮਾ ਤਾਂ ਇਥੇ ਹੀ ਬਾਣੀ ਸੁਣ ਸ਼ਾਂਤ ਹੋ ਚੁੱਕੀ ਹੈ। ਸਿਰਫ ਇਹ ਹੀ ਕਹਿਣਾ ਕਿ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣਾ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਦੇਣਾ।

ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ, ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਣ ਕੀਤਾ ਜਾਏ। ਸੰਸਕਾਰ ਦੀ ਥਾਂ ਤੇ ਪੁੱਜ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨ ਭੇਟ ਕਰਨ ਲਈ ਅਰਦਾਸਾ ਸੋਧਿਆ ਜਾਏ।

ਫਿਰ ਪ੍ਰਾਣੀ ਨੂੰ ਅੰਗੀਠੇ ਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁੱਝ ਵਿੱਥ ਤੇ ਬੈਠ ਕੇ ਕੀਰਤਨ ਕਰੇ ਜਾਂ ਵੈਰਾਗ-ਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ ਸੋਹਿਲਾ ਦਾ ਪਾਠ ਕਰ ਕੇ ਅਰਦਾਸਾ ਸੋਧਿ ਕੇ ਸੰਗਤ ਮੁੜ ਆਵੇ। ਕੋਈ ਕਪਾਲ ਕਿਰਿਆ ਨਹੀਂ ਕਰਨੀ। ਘਰ ਆਕੇ ਜਾਂ ਲਾਗੇ ਦੇ ਕਿਸੇ ਗੁਰਦੁਆਰੇ ਵਿੱਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ। ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿੱਚ ਵੀ ਇਹ ਹੁਕਮ ਆਇਆ ਹੈ :

ਮਰੇ ਸਿਖ ਤੇ ਕਰੇ ਕੜਾਹ। ਤਿਸ ਕੁਟੰਬ ਰੁਦਨੈ ਬਹੁ ਨਾਹ।

ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੌਖ ਨੂੰ ਮੁੱਖ ਰੱਖ ਕੇ ਨੀਯਤ ਕੀਤੀ ਜਾਵੇ।

ਪਾਠ ਵਿੱਚ ਸਾਰੇ ਘਰ ਵਾਲੇ ਤੇ ਸੰਬੰਧੀ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਹੋਵੇ।

ਦੁਸਹਿਰੇ ਦੇ ਪਿਛੋਂ ਚਲਣੇ ਦੀ ਕੋਈ ਹੋਰ ਰਸਮ ਨਹੀਂ ਕਰਨੀ।

ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਡਾ ਹੋਣ ਤੇ ਸਾਰੀ ਦੇਹ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਪ੍ਰਵਾਹ ਕਰ ਦਿੱਤੀ ਜਾਵੇ ਜਾਂ ਉਥੇ ਹੀ ਦੱਬ ਕੇ ਜ਼ਮੀਨ ਬਰਾਬਰ ਕਰ ਦਿੱਤੀ ਜਾਵੇ।

ਸੰਸਕਾਰ ਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾ ਹੈ।

ਅੱਧੇ ਮਾਰਗ ਤੇ ਅਰਥੀ ਨੂੰ ਰੱਖਣਾ, ਸਿਆਪਾ, ਫੂਹੜੀ ਪਾਉਣੀ, ਦੀਵਾ, ਪਿੰਡ ਕਿਰਿਆ, ਸ਼ਰਾਧ, ਬੁੱਢਾ ਮਰਨਾ ਆਦਿ ਮਨਮਤਿ ਹੈ।

ਅੰਗੀਠੇ ਵਿੱਚੋਂ ਫੁੱਲ ਚੁੱਗ ਕੇ ਗੰਗਾ, ਪਤਾਲਪੁਰੀ (ਕੀਰਤਪੁਰ ਸਾਹਿਬ), ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿੱਚ ਜਾ ਕੇ ਪਾਉਣੇ ਮਨਮਤਿ ਹੈ।

# ਦਫ਼ਤਰ ਵਰ - ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਮੁੱਖ ਸਰਪ੍ਰਸਤ : ਮਹੰਤ ਤੀਰਥ ਸਿੰਘ 'ਸੇਵਾ ਪੰਥੀ'

ਦਫ਼ਤਰ ਇੰਚਾਰਜ : ਬੀਬੀ ਸਿਲਵੰਤ ਕੌਰ

ਸੰਪਰਕ ਫ਼ੋਨ: 0164-2262051 (ਸਵੇਰੇ 9 ਤੋਂ ਸ਼ਾਮ 4 ਵਜੇ ਤੱਕ), Fax. : 2262657

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ / ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀ-ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਅਰੋੜਾ ਸਿੱਖ ਜੁਨੇਜਾ, Engg. in Electronics, 27 ਸਾਲ, 5'5" ਲੜਕੀ ਲਈ ਯੋਗ ਵਰ ਦੀ ਲੋੜ ਹੈ। (Old No.1265)
2. ਅਰੋੜਾ ਸਿੱਖ ਘੁਲਿਆਣੀ B.A. (with computer) Eng. Speaking Course doing Dip. Management, 25 ਸਾਲ, 5'5" ਲੜਕੀ ਲਈ ਯੋਗ ਵਰ ਦੀ ਲੋੜ ਹੈ। (Old No. 1305)
3. ਅਰੋੜਾ ਸਿੱਖ ਘੁਲਿਆਣੀ B.Com. M.B.A. in Fianace, Job in F.S.C. ICICI Predential, 25 ਸਾਲ, 5'6" ਲੜਕੀ ਲਈ ਯੋਗ ਵਰ ਦੀ ਲੋੜ ਹੈ। (Old No. 1306)
4. ਰਾਮਦਾਸੀਏ ਕੌੜੇ, +2., Steno Punjabi, 26 ਸਾਲ, 5'6" ਲੜਕੀ ਲਈ ਯੋਗ ਵਰ ਦੀ ਲੋੜ ਹੈ। (1307)

## ਕੰਨਿਆ ਦੀ ਲੋੜ

1. ਅਰੋੜਾ ਸਿੱਖ ਮਲਿਕ B.A., 29 ਸਾਲ 5'5" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Old 3205)

1. ਖੱਤਰੀ ਸਿੱਖ ਭੂਸਰੀ, +2, 27 ਸਾਲ, 5'6" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (3215)
2. ਅਰੋੜਾ ਸਿੱਖ ਮੱਕੜ, Matric, 26 ਸਾਲ, 5'6" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (3216)
3. ਅਰੋੜਾ ਸਿੱਖ ਛਾਬੜਾ, B.A., 28 ਸਾਲ, 5'8" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (3217)
4. ਅਰੋੜਾ ਸਿੱਖ ਇਛਪੁਨਿਆਣੀ, +2, 26 ਸਾਲ, 5'10" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (3218)

ਪ੍ਰਿੰਟਰ ਪਬਲਿਸ਼ਰ ਤੇ ਮਾਲਕ ਸ਼੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਅਪ੍ਰੈਲ 2007 ਨੂੰ ਜਾਰੀ ਕੀਤਾ।

Bhai Kanhaiya Sewa Joti (Monthly) R.N.I. Regd. No. 046716/84
Postal Regd. No. PB/BTI-1002/2006-2008 Dt. 30-12-2005

(ਪੰਜਾਬ)

62657

ਤ ਕਰਨ
ਤ ਪੱਤਰ
ਰਿਸ਼ਤਾ

ਵਰ ਦੀ
lo.1265)
doing
o. 1305)
ICICI
. 1306)
ਦੀ ਲੋੜ
(1307)

d 3205)
(3215)
(3216)
(3217)
ਹੈ।
(3218)

ਗ ਪ੍ਰੈਸ
ਤਾ ਜੀ
ਤਾ।

6/84

– 2007

BHAI ASA SINGH GIRLS COLLEGE
DATE 2-3-2007
GONIANA MANDI
CONVOCATION

ਭਾਈ ਆਸਾ ਸਿੰਘ ਗਰਲਜ਼ ਕਾਲਜ
ਗੋਨਿਆਣਾ ਮੰਡੀ
ਮਿਤੀ :- 2-3-2007
ਵਾਰਸ਼ਿਕ ਇਨਾਮ-ਵੰਡ ਸਮਾਰੋਹ

ਭਾਈ ਆਸਾ ਸਿੰਘ ਗਰਲਜ਼ ਕਾਲਜ ਗੋਨਿਆਣਾ ਮੰਡੀ ਵਿਖੇ 22ਵੀਂ ਕਾਨਵੋਕੇਸ਼ਨ ਤੇ ਵਾਰਸ਼ਿਕ ਇਨਾਮ ਵੰਡ ਸਮਾਰੋਹ (2-3-2007) ਦੀਆਂ ਝਲਕੀਆਂ



ਸ਼ਬਦ ਗਾਇਨ ਦੇ ਸਤਿਕਾਰ ਵਿੱਚ ਸਟੇਜ ਤੇ ਖੜ੍ਹੇ ਖੱਬੇ ਤੋਂ ਸੰਤ ਰਣਜੀਤ ਸਿੰਘ ਸੰਤ ਭਾਈ ਕਾਹਨ ਸਿੰਘ ਮਹੰਤ ਤੀਰਥ ਸਿੰਘ ਜੀ ਮੁੱਖ ਮਹਿਮਾਨ ਸ੍ਰੀ ਸ਼ਾਂਤਾ ਨੰਦ ਜੀ ਤੇ ਪ੍ਰਿੰ: ਡਾ: ਗੁਰਦੀਪ ਕੌਰ ਬਰਾੜ





ਪ੍ਰਿੰਸੀਪਲ ਅਤੇ ਸ਼ਾਂਤਾ ਨੰਦ ਜੀ ਲੜਕੀਆਂ ਨੂੰ ਡਿਗਰੀ ਪ੍ਰਦਾਨ ਕਰਦੇ ਅਤੇ ਇਨਾਮ ਦਿੰਦੇ ਹੋਏ ।



ਕਾਨਵੋਕੇਸ਼ਨ ਨੂੰ ਸੰਬੋਧਨ ਕਰਦੇ ਹੋਏ
**ਖੱਬੇ ਤੋਂ** : ਸੰਤ ਬਾਬਾ ਤੀਰਥ ਸਿੰਘ ਜੀ, ਸੰਤ ਭਾਈ ਕਾਹਨ ਸਿੰਘ ਜੀ,
ਮੁੱਖ ਮਹਿਮਾਨ ਸ੍ਰੀ ਸ਼ਾਂਤਾ ਨੰਦ ਜੀ, ਪ੍ਰਿੰਸੀਪਲ ਬਰਾੜ ਜੀ, ਮਾ: ਚਮਨ ਸਿੰਘ 'ਚਮਨ' ਤੇ ਸੁਰਜਨ ਸਿੰਘ ਜੀ




ਡਿਗਰੀ ਪ੍ਰਾਪਤ ਕਰਤਾ ਲੜਕੀਆਂ ਪ੍ਰਿੰਸੀਪਲ, ਮੁੱਖ ਮਹਿਮਾਨ ਅਤੇ ਮੈਨੇਜਮੈਂਟ ਦੇ ਪ੍ਰਮੁੱਖ ਮੈਂਬਰ ਨਾਲ ਸੁਸ਼ੋਭਿਤ ਹਨ ।

Bhai Kanhaiya Sewa Joti (Monthly) R.N.I. Regd. No. 046716/84
Postal Regd.No.PB/BTI-1002/2006-2008 Dt. 30-12-2005



ਕਾਲਜ ਦੇ ਆਨਰੇਰੀ ਮੈਨੇਜਰ
ਸੁਰਜਨ ਸਿੰਘ
ਤੇ ਪ੍ਰਿੰਸੀਪਲ
ਡਾ: ਗੁਰਦੀਪ ਕੌਰ ਬਰਾੜ
ਬਾਬਾ ਜੀ ਨੂੰ
ਸਨਮਾਨਿਤ ਕਰਦੇ ਹੋਏ

ਕਾਲਜ ਵੱਲੋਂ
ਸੰਤ ਬਾਬਾ ਤੀਰਥ ਸਿੰਘ ਜੀ
ਨੂੰ ਯਾਦਗਾਰੀ ਮੋਮੈਂਟੋ
ਭੇਂਟ ਕਰਦੇ
ਹੋਏ





ਸੰਤ ਬਾਬਾ ਤੀਰਥ ਸਿੰਘ ਜੀ
ਮੁੱਖ ਮਹਿਮਾਨ
ਸਵਾਮੀ ਸ਼ਾਂਤਾ ਨੰਦ ਜੀ M.Sc., LL.B
ਜਲੰਧਰ ਨੂੰ ਸਿਰੋਪਾਓ
ਪ੍ਰਦਾਨ ਕਰਦੇ ਹੋਏ

ਕਾਲਜ ਵੱਲੋਂ ਮੁੱਖ ਮਹਿਮਾਨ
ਸ੍ਰੀ ਸ਼ਾਂਤਾ ਨੰਦ ਜੀ
ਬਾਬਾ ਜੀ, ਪ੍ਰਿੰਸੀਪਲ ਤੇ
ਔਨ: ਮੈਨੇਜਰ ਪਾਸੋਂ ਯਾਦਗਾਰੀ ਮੋਮੈਂਟੋ
ਪ੍ਰਾਪਤ ਕਰਦੇ ਹੋਏ



Designed by : Amarjeet & Rinku